ਡਾ. ਹਰੀ ਸਿੰਘ 'ਜਾਚਕ'

Dr. Hari Singh Jachak

ਸੰਖੇਪ ਜੀਵਨੀ ਤੇ ਪ੍ਰਾਪਤੀਆਂ

Bio-Data and Achievements

ਨਾਮ	:	ਡਾ. ਹਰੀ ਸਿੰਘ 'ਜਾਚਕ'
ਪਿਤਾ ਦਾ ਨਾਮ	:	ਸਰਦਾਰ ਮਤਾਬ ਸਿੰਘ
ਮਾਤਾ ਦਾ ਨਾਮ	:	ਸਰਦਾਰਨੀ ਰਾਮ ਕੌਰ
ਪਤਨੀ ਦਾ ਨਾਮ	:	ਡਾ. ਜਗਦੀਪ ਕੌਰ (ਗੁਰਪੁਰਵਾਸੀ ਸਰਦਾਰਨੀ ਦਲਬੀਰ ਕੌਰ)
ਵਿਦਿਅਕ ਯੋਗਤਾ	:	ਐਮ.ਏ. (ਅੰਗਰੇਜ਼ੀ ਅਤੇ ਧਰਮ ਅਧਿਐਨ) ਪੀਐਚ. ਡੀ (ਗੋਲਡ ਮੈਡਲਿਸਟ)
ਕਿੱਤਾ	:	ਡੀ.ਪੀ.ਡੀ.ਓ. ਲੁਧਿਆਣਾ ਕਲਾਸ ਵੱਨ ਆਰਮੀ ਅਫਸਰ (ਸੇਵਾ ਮੁਕਤ)
ਘਰ ਦਾ ਪਤਾ		277, ਮਾਡਲ ਗਰਾਮ, ਲੁਧਿਆਣਾ-141002 (ਪੰਜਾਬ) ਭਾਰਤ
ਮੋਬਾਈਲ ਨੰਬਰ	:	99883-21245, 99883-21246
ਈ ਮੇਲ	:	drharisinghjachak@gmail.com
ਫੇਸਬੁੱਕ	:	www.facebook.com
ਵੈਬਸਾਈਟ	:	www.drharisinghjachak.com
ਯੂ-ਟਿਊਬ	:	Dr. Hari Singh Jachak & Jachak Poetry
ਵਟਸ ਐਪ	:	99883-21245

Name	:	Dr. Hari Singh Jachak
Father's Name	:	Sardar Matab Singh
Mother's Name	:	Smt. Ram Kaur
Name of Wife	:	Dr. Jagdeep Kaur (Late Sdn. Dalbir Kaur)
Edu.Qualifications	:	Double MA (English & Comparative Study of all Religions), Ph.D (Gold Medalist)
Profession	:	D.P.D.O. Ludhiana (Retired Class One Officer from Min. of Defence, Govt. of India)
Address	:	277, Model Gram, Ludhiana - 141002 (Punjab) India
Mobile	:	99883-21245, 99883-21246
E Mail	:	drharisinghjachak@gmail.com
Facebook	:	www.facebook.com
Website	:	www.drharisinghjachak.com
YouTube	:	Dr. Hari Singh Jachak & Jachak Poetry
WhatsApp	:	99883-21245

ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ ਸਾਹਿਬ

Sri Akal Takhat Sahib, Sri Amritsar Sahib

ਨੰ : ੨੦੨੦-੨੧/ਸਪੈਸ਼ਲ

ਮਿਤੀ ੨੦.੦੭.੨੦੨੦

ਪ੍ਰਸੰਸਾ ਪੱਤਰ

ਡਾ.ਹਰੀ ਸਿੰਘ ਜੀ ਜਾਚਕ, ਚੇਅਰਮੈਨ,
ਪਰਮਦੀਪ ਸਿੰਘ ਦੀਪ ਯਾਦਗਾਰੀ
ਵੈਲਫੇਅਰ ਸੁਸਾਇਟੀ, ਲੁਧਿਆਣਾ

ਪਰਮ ਸਤਿਕਾਰਯੋਗ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਵੱਲੋਂ ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੋਸਾਇਟੀ ਰਾਹੀਂ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੁਆਰਾ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਤੇ ਸ਼ੁਰੂ ਕੀਤੀ ਗੁਰਮਤਿ ਕਾਵਿ ਪ੍ਰੰਪਰਾ ਨੂੰ ਅੱਗੇ ਵਧਾਉਣ ਲਈ ਅਤੇ ਉਭਰਦੇ ਕਵੀਆਂ ਤੇ ਕਵਿਤਰੀਆਂ ਨੂੰ ਹਰ ਸਾਲ ਉਤਸ਼ਾਹਿਤ ਤੇ ਸਨਮਾਨਿਤ ਕਰਨ ਦਾ ਇਤਿਹਾਸਕ ਤੇ ਸ਼ਲਾਘਾਯੋਗ ਕਾਰਜ ਕੀਤਾ ਜਾ ਰਿਹਾ ਹੈ, ਜਿਸ ਲਈ ਆਪ ਵਧਾਈ ਦੇ ਪਾਤਰ ਹੋ।

ਖਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ ਤਖ਼ਤ ਸ੍ਰੀ ਦਮਦਮਾ ਸਾਹਿਬ, (ਗੁਰੂ ਕਾਸ਼ੀ) ਤਲਵੰਡੀ ਸਾਬੋ(ਬਠਿੰਡਾ) ਵੱਲੋਂ ਕਰਵਾਈ ਗਈ ਆਨ-ਲਾਈਨ ਧਾਰਮਿਕ ਪ੍ਰਤੀਯੋਗਤਾ-2020 ਦੌਰਾਨ ਆਪ ਜੀ ਵੱਲੋਂ ਕਵਿਤਾ ਲਿਖਣ ਮੁਕਾਬਲੇ ਲਈ ਬਤੌਰ ਜੱਜ ਦਿੱਤਾ ਗਿਆ ਸਹਿਯੋਗ ਬਹੁਤ ਪ੍ਰਸੰਸਾਯੋਗ ਹੈ।ਆਪ ਨੇ ਇਸ ਮਹੱਤਵਪੂਰਨ ਕਾਰਜ ਨੂੰ ਅਣਥੱਕ ਮਿਹਨਤ, ਲਗਨ ਅਤੇ ਸੇਵਾ ਭਾਵਨਾ ਨਾਲ ਨਿਭਾਇਆ ਹੈ।ਕਿਸੇ ਵੀ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਪ੍ਰਤੀਯੋਗੀ ਨੂੰ ਬੜੀ ਡੂੰਘਾਈ ਨਾਲ ਸਹੀ ਤੱਥਾਂ ਦੀ ਪ੍ਰਮਾਣਿਕਤਾ ਦੇ ਅੰਤਰਗਤ ਪਰਖਣ ਦੀ ਸਮਰੱਥਾ ਦਾ ਹੋਣਾ ਆਪਣੇ ਆਪ ਵਿੱਚ ਹੀ ਇੱਕ ਵੱਡੀ ਪ੍ਰਾਪਤੀ ਹੈ।

ਉਪਰੋਕਤ ਪ੍ਰਤੀਯੋਗਤਾ ਦੀ ਸਫ਼ਲਤਾ ਸਬੰਧੀ ਆਪ ਜੀ ਵੱਲੋਂ ਦਿੱਤੇ ਬਹੁਮੁੱਲੇ ਸਹਿਯੋਗ ਲਈ ਆਪ ਦਾ ਧੰਨਵਾਦ ਕਰਦੇ ਹੋਏ ਆਸ ਕਰਦੇ ਹਾਂ ਕਿ ਸਰਬੱਤ ਦੇ ਭਲੇ ਹਿੱਤ ਕੀਤੇ ਜਾਣ ਵਾਲੇ ਕਾਰਜਾਂ ਲਈ ਭਵਿੱਖ ਵਿਚ ਵੀ ਆਪ ਵੱਲੋਂ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ।

ਗੁਰੂ ਪੰਥ ਦਾ ਦਾਸ

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ
ਜਥੇਦਾਰ,ਤਖ਼ਤ ਸ੍ਰੀ ਦਮਦਮਾ ਸਾਹਿਬ
ਤਲਵੰਡੀ ਸਾਬੋ (ਬਠਿੰਡਾ)

ਪੁਸਤਕਾਂ

Books

1.	ਵਿਰਸੇ ਤੇ ਅੰਗ ਸੰਗ (ਕਵਿਤਾਵਾਂ)	1995, 2011
2.	ਧਰਮ ਕਾ ਜੈਕਾਰ (ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ 25 ਸਾਲ ਦਾ ਇਤਿਹਾਸ, 1972-1997)	1997
3.	ਲਹੂ ਭਿੱਜੇ ਇਤਿਹਾਸ ਦੇ ਪੰਨੇ (ਕਵਿਤਾਵਾਂ)	1999
4.	21ਵੀਂ ਸਦੀ ਵਿੱਚ ਸਿੱਖ ਧਰਮ ਨੂੰ ਦਰਪੇਸ਼ ਚੁਣੋਤੀਆਂ (ਰਿਸਰਚ ਪੇਪਰ)	2000
5.	ਭਾਈ ਸੰਤੋਖ ਸਿੰਘ ਦੇ ਰਚੇ ਸਾਹਿਤ ਦਾ ਆਲੋਚਨਾਤਮਿਕ ਅਧਿਐਨ (ਪੀਐਚ. ਡੀ. ਥੀਸਿਸ)	2005
6.	ਸਿਦਕ ਦੇ ਪੈਂਡੇ (ਕਵਿਤਾਵਾਂ)	2007
7.	ਸੋਵੀਨਰ - ਪੰਜਵਾਂ ਸ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਐਵਾਰਡ	2014
8.	ਪਹਿਲੀ ਕਿਰਨ (ਸੰਪਾਦਿਤ) - ਉਭਰਦੇ ਕਵੀਆਂ ਦੀਆਂ ਕਵਿਤਾਵਾਂ	2015
9.	ਵਾਰਿਸ ਵਿਰਸੇ ਦੇ (ਸੰਪਾਦਿਤ) - ਉਭਰਦੇ ਕਵੀਆਂ ਦੀਆਂ ਕਵਿਤਾਵਾਂ	2017
10.	ਸੋਵੀਨਰ - ਇਤਿਹਾਸਕ ਕਵੀ ਦਰਬਾਰ, ਤਖ਼ਤ ਸ੍ਰੀ ਦਮਦਮਾ ਸਾਹਿਬ	2017
11.	ਗੁਰ ਨਾਨਕ ਦਾ ਪੰਥ ਨਿਰਾਲਾ (ਕਵਿਤਾਵਾਂ)	2019

1.	Virse De Ang Sang (Poetry)	1995,2011
2.	Dharam Ka Jaikar - 25 Year History of Guru Gobind Singh Study Circle	1997
3.	Lahoo Bhijje Itihas De Panne (Poetry)	1999
3.	21th Saddi Wich Sikh Dharam Noo Darpesh Chunautian (Research Paper)	2000
5.	Bhai Santokh Singh De Rache Sahit Da Alochnatmik Adhyan (Ph.D Thesis)	2005
6.	Sidak De Pende (Poetry)	2007
7.	Souvenir - 5th S. Pritam Singh Kasad Yadgari Award	2014
8.	Pehli Kiran (Edited) - Poems of Young Poets and Poetesses	2015
9.	Varse Virse De (Edited) - Poems of Young Poets and Poetesses	2017
10.	Souvenir - Historical Kavi Darbar, Takhat Sri Damdama Sahib	2017
11.	Gur Nanak Da Panth Nirala (Poetry)	2019









ਪੁਸਤਕਾਂ ਤੇ ਸੋਵੀਨਰ ਰਿਲੀਜ਼ Books & Souvenir Released

ਵਿਸ਼ੇਸ਼ ਵਿਦਿਅਕ ਪ੍ਰਾਪਤੀਆਂ Special Academic Achievement



Punjabi University

Doctor of Philosophy

Certified that Bhai Singh, son/Daughter of Shri Malak Singh, cast of the Punjabi Sikh, has this day been admitted by the Syndicate in the degree of Doctor of Philosophy in the faculty of Social Sciences

Given under the seal of the University

REGISTRAR CHANCELLOR VICE-CHANCELLOR

ਪੰਜਾਬੀ ਯੂਨੀਵਰਸਿਟੀ

ਡਾਕਟਰ ਆਫ਼ ਫ਼ਿਲਾਸਫ਼ੀ



Punjabi University

Merit Certificate

Certified that Bhai Singh son/Daughter of Shri Malak Singh, cast of the Dept. of Correspondence Courses, Pb. Uni. Patiala passed the Bachelor Arts (Religious Studies) examination held in April 2000.

He/She stands First in order of merit and has obtained Nationally Rahul.

Registrar

Guru Harkrishan Educational Society

ROLL OF HONOUR

This is to certify that Sh. Bhai Singh s/o/d/o Shri ..... has been awarded a cash prize of Rs. 1100/- for standing first in Ph.D. Topic Life & Contribution of Mahakavi Bhai Santokh Singh in Punjabi University, Patiala held in the year 2005 and that her/his name has been inscribed in Academic Roll of Honour of the Society maintained for Toppers honoured in its Annual 'Sanman Samaroh' held on 30-04-2006

87, Sector 21-A, Chandigarh (A.S. Rawel)

Dated: 30-4-2006 Hony. Secretary



DEPARTMENT OF CORRESPONDENCE COURSES

PUNJABI UNIVERSITY, PATIALA

CERTIFICATE OF MERIT

This is to certify that Bhai Singh student of Class M.A.-II (Religion) Roll No. 21592 Session 1999-2000 secured First Position in University Examination/Essay competition-(Punjabi/English/Hindi)-Photo-competition/Painting competition for 'GYAN-DOOT'.

HEAD

ਸੋਸ਼ਲ ਮੀਡੀਆ ਤੇ ਗਤੀਵਿਧੀਆਂ Social Media Activities

1. ਯੂ-ਟਿਊਬ (Dr. Hari Singh Jachak & Jachak Poetry) ਤੇ ਸੈਂਕੜੇ ਕਵਿਤਾਵਾਂ
2. ਸੋਸ਼ਲ ਮੀਡੀਆ (ਵਟਸਐਪ, ਫੇਸਬੁੱਕ, ਟਵਿੱਟਰ, ਇੰਸਟਾਗਰਾਮ, ਵੈਬਸਾਈਟ) ਅਤੇ ਪੇਜਸ਼ ਤੇ ਸੈਂਕੜੇ ਕਵਿਤਾਵਾਂ ਅਤੇ ਲੱਖਾਂ ਹੀ ਕੁਮੈਂਟਸ
3. ਡੇਲੀ ਪੋਸਟ ਤੇ ਇੰਟਰਵਿਊ - ਸਰਦਾਰ ਸਿਮਰਨਜੋਤ ਸਿੰਘ ਵਲੋਂ ਲਈ ਗਈ ਇੰਟਰਵਿਊ ਡੇਲੀ ਪੋਸਟ ਤੇ ਪਾਈ ਗਈ ਅਤੇ ਹੁਣ ਤੱਕ ਦੇਸ਼ ਵਿਦੇਸ਼ ਅੰਦਰ ਲੱਖਾਂ ਹੀ ਲੋਕਾਂ ਵਲੋਂ ਦੇਖੀ ਤੇ ਸੁਣੀ ਜਾ ਚੁੱਕੀ ਹੈ।
4. ਜਲੰਧਰ ਦੂਰਦਰਸ਼ਨ, ਪੀ ਟੀ ਸੀ ਸਿਮਰਨ, ਫਤਹਿ ਟੀ ਵੀ, ਡੇਲੀ ਪੋਸਟ, ਵਿਜ਼ਨ ਪੰਜਾਬ ਕੈਨੇਡਾ, ਸਾਂਝੀ ਆਵਾਜ਼ ਰੇਡੀਓ ਆਸਟਰੇਲੀਆ, ਸੰਗਤ ਟੀ ਵੀ ਇੰਗਲੈਂਡ, ਜੱਗ ਪੰਜਾਬੀ ਕੈਨੇਡਾ ਅਤੇ ਪੰਜਾਬੀ ਮੰਚ ਲਾਈਵ ਯੂ.ਐਸ.ਏ. ਆਦਿ ਤੋਂ ਕਵਿਤਾਵਾਂ ਚੱਲਦੀਆਂ ਰਹਿੰਦੀਆਂ ਹਨ।

---

1. More than hundred Poems available on YouTube Channels (Dr. Hari Singh Jachak & Jachak Poetry).
2. Poems are also published regularly on other Social Media Channels (Whatsapp, Facebook, Twitter, Instagram, Website) gathering traction from millions of followers in terms of Likes, Comments & Shares .
3. Interview on Daily Post : Liked and acknowledged by Lakhs of viewers throughout the world.
4. Poems are being relayed all across Visual Media from Doordarshan Jallandhar, PTC Simran, Fateh TV, Daily Post, Vision Punjab Canada, Sajhi Awaz Radio Australia, Sangat TV England, Jag Punjabi Canada and Punjabi Manch USA etc.





ਸਨਮਾਨ ਤੇ ਪ੍ਰਸੰਸਾ

Awards & Appreciations

ਸਮੇਂ ਸਮੇਂ ਤੇ ਖਾਲਸਾ ਪੰਥ ਦੇ ਪੰਜੇ ਤਖ਼ਤ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਸ਼ਟਰੀ ਤੇ ਅੰਤਰਰਾਸ਼ਟਰੀ ਪੰਜਾਬੀ ਸਾਹਿਤ ਸਭਾਵਾਂ ਅਤੇ ਹੋਰ ਸਿਰਮੌਰ ਜਥੇਬੰਦੀਆਂ ਵਲੋਂ ਸੈਂਕੜੇ ਸਨਮਾਨ।

Awards & Appreciations in hundreds from five Takhat Sahiban, SGPC, National & International Punjabi Sahit Sabhavan, Punjabi Academies & Other Social & Religious Organizations and institutions.

1. ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਸੰਸਾ ਪੱਤਰ ਅਤੇ ਪੰਜ ਤਖ਼ਤ ਸਾਹਿਬਾਨ ਤੋਂ ਸਮੇਂ ਸਮੇਂ 'ਤੇ ਸਨਮਾਨ
2. ਐਮ.ਏ. ਧਰਮ ਅਧਿਐਨ ਵਿੱਚ ਪੰਜਾਬੀ ਯੂਨਿਵਰਸਿਟੀ ਪਟਿਆਲਾ ਦੇ ਟੌਪਰ ਦੇ ਤੌਰ ਤੇ ਗੋਲਡ ਮੈਡਲ
3. ਸਰਦਾਰ ਪ੍ਰਕਾਸ਼ ਸਿੰਘ ਬਾਦਲ (ਉਸ ਸਮੇਂ ਮੁੱਖ ਮੰਤਰੀ, ਪੰਜਾਬ) ਵਲੋਂ ਪੁਸਤਕ 'ਧਰਮ ਕਾ ਜੈਕਾਰ' ਰੀਲੀਜ਼ ਅਤੇ ਸਨਮਾਨ
4. ਸਪਤ ਸ੍ਰਿੰਗ ਅੰਤਰਰਾਸ਼ਟਰੀ ਪੰਜਾਬੀ ਕਵੀ ਸਭਾ ਦਿੱਲੀ ਵਲੋਂ ਸਰਦਾਰ ਪ੍ਰੀਤਮ ਸਿੰਘ ਕਾਸਦ ਯਾਦਗਾਰੀ ਐਵਾਰਡ ਅਤੇ 51000/-
5. ਅੰਤਰਰਾਸ਼ਟਰੀ ਸੰਸਥਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਭਾਈ ਵੀਰ ਸਿੰਘ ਯਾਦਗਾਰੀ ਪ੍ਰਤਿਭਾ ਪੁਰਸਕਾਰ
6. ਸ੍ਰੀ ਦਸ਼ਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਹਰਿਆਣਾ ਵਲੋਂ ਚਮਕੌਰ-ਸਰਹਿੰਦ ਐਵਾਰਡ
7. ਭਾਈ ਨੰਦ ਲਾਲ ਗੋਯਾ ਯਾਦਗਾਰੀ ਕਮੇਟੀ, ਗਰੇਟਰ ਕੈਲਾਸ਼ ਦਿੱਲੀ ਵਲੋਂ ਭਾਈ ਨੰਦ ਲਾਲ ਗੋਯਾ ਐਵਾਰਡ
8. ਭਾਈ ਸੰਤੋਖ ਸਿੰਘ ਯਾਦਗਾਰੀ ਕਮੇਟੀ ਵਲੋਂ ਭਾਈ ਸੰਤੋਖ ਸਿੰਘ ਯਾਦਗਾਰੀ ਐਵਾਰਡ
9. ਖਾਲਸਾ ਸੋਸਾਇਟੀ ਸਤਕੋਹਾ ਵਲੋਂ ਭਾਈ ਗੁਰਦਾਸ ਐਵਾਰਡ
10. ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ 52 ਕਵੀਆਂ ਦੇ ਕਵੀ ਦਰਬਾਰ ਵਿੱਚ ਵਿਸ਼ੇਸ਼ ਸਨਮਾਨ
11. ਪਾਉਂਟਾ ਸਾਹਿਬ ਵਿਖੇ ਇਨਾਮੀ ਕਵੀ ਦਰਬਾਰ ਵਿੱਚ ਦੂਸਰਾ ਸਥਾਨ ਅਤੇ ਸਨਮਾਨ
12. ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਐਵਾਰਡ
13. ਸਵਰਾਜ ਸਾਹਿਤ ਸਭਾ ਵਲੋਂ ਵਿਸ਼ੇਸ਼ ਸਨਮਾਨ

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਪਤਵੰਤੇ ਡਾ. ਹਰੀ ਸਿੰਘ 'ਜਾਚਕ' ਨੂੰ ਸਨਮਾਨਿਤ ਕਰਦੇ ਹੋਏ।

ਪਤਵੰਤੇ ਸੱਜਣਾਂ ਤੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਐਵਾਰਡ ਪ੍ਰਾਪਤ ਕਰਦੇ ਹੋਏ ਡਾ. ਹਰੀ ਸਿੰਘ ਜਾਚਕ।

ਸ੍ਰ. ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਪੰਜਾਬ ਡਾ. ਹਰੀ ਸਿੰਘ 'ਜਾਚਕ' ਨੂੰ ਸਨਮਾਨਿਤ ਕਰਦੇ ਹੋਏ।

1. Siropaos (Rob of Honour) & Appreciations from All Takhats of Khalsa Panth from time to time.
2. Topper in MA (Religious Studies) and Gold Medal from Punjabi University Patiala.
3. Honoured by S. Parkash Singh Badal Ex. Chief Minister Punjab during Book (Dharam Ka Jaikar) release ceremony.
4. Honoured with S. Pritam Singh Kasad Yadgari Award & Rs. 51000/- in cash by Sapt-Sring International Punjabi Kavi Sabha, Delhi.
5. Bhai Vir Singh Yadgari Pritbha Purskar from Guru Gobind Singh Study Circle, Ludhiana.
6. Chamkaur-Sirhind Award by Sri Dashmesh International Punjabi Kavi Sabha, Haryana, Yamunanagar.
7. Bhai Nand Lal Goya Award by Bhai Nand Lal Goya Yadgari Committee, Greater Kailash, Delhi.
8. Bhai Santokh Singh Yadgari Award by Bhai Santokh Singh Yadgari Committee, Kila Kavi Santokh Singh.
9. Bhai Gurdas Award by Khalsa Society Satkoha.
10. Award by Punjabi Kavi Sabha Ludhiana during Kavi Darbar of 52 Poets.
11. 2nd Prize during Poem Recitation Competition at Paunta Sahib.
12. Amar Shaheed Bhai Amrik Singh Ji Award from All India Sikh Students Federation.
13. Special Honor by Swaraj Sahit Sabha Talwan.

ਸਿੰਘ ਸਾਹਿਬਾਨ ਤੋਂ ਅਸੀਸਾਂ

Blessings from Singh Sahiban

ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਨਮਾਨ Honored at Takhat Sri Damdama Sahib

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਪੁਸਤਕ 'ਗੁਰ ਨਾਨਕ ਦਾ ਪੰਥ ਨਿਰਾਲਾ' ਭੇਟ ਕਰਦੇ ਹੋਏ ਡਾ: ਹਰੀ ਸਿੰਘ ਜਾਚਕ। ਨਾਲ ਹੋਰ ਸ਼ਖਸੀਅਤਾਂ। ਅਜੀਤ ਤਸਵੀਰ

ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਡਾ: ਹਰੀ ਸਿੰਘ ਜਾਚਕ ਦਾ ਸਨਮਾਨ

ਲੁਧਿਆਣਾ, 8 ਅਕਤੂਬਰ (ਕਵਿਤਾ ਖੁੱਲਰ)- ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ. ਗੁਰਪੇਜ ਸਿੰਘ ਢੱਡੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗਿਆਨੀ ਗੁਰਜੰਟ ਸਿੰਘ ਹੈੱਡ ਗ੍ਰੰਥੀ, ਸ. ਪਰਮਜੀਤ ਸਿੰਘ ਮੈਨੇਜਰ ਅਤੇ ਹੋਰ ਪਤਵੰਤੇ ਸੱਜਣਾਂ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਹੋਏ ਸਮਾਗਮ ਦੌਰਾਨ ਡਾ. ਹਰੀ ਸਿੰਘ ਜਾਚਕ ਦਾ ਸਨਮਾਨ ਚਿੰਨ੍ਹ ਤੇ ਸਿਰੋਪਾਓ ਦੀ ਬਖਸ਼ਿਸ਼ ਕਰਕੇ ਸਨਮਾਨ ਕੀਤਾ। ਡਾ. ਹਰੀ ਸਿੰਘ ਜਾਚਕ ਨੇ ਭਾਈ ਤਾਰੂ ਸਿੰਘ ਦੇ 300 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਇਸ ਸਮਾਗਮ ਵਿਚ ਜੈਕਾਰਿਆਂ ਦੀ ਗੂੰਜ ਵਿਚ ਭਾਈ ਤਾਰੂ ਸਿੰਘ ਦੇ ਜੀਵਨ ਇਤਿਹਾਸ ਨਾਲ ਸਬੰਧਤ ਕਵਿਤਾ ਵੀ ਸੁਣਾਈ ਅਤੇ ਆਪਣੀ ਪੁਸਤਕ 'ਗੁਰ ਨਾਨਕ ਦਾ ਪੰਥ ਨਿਰਾਲਾ' ਵੀ ਭੇਟ ਕੀਤੀ। ਚੇਤੇ ਰਹੇ ਕਿ ਪਿਛਲੇ ਸਮੇਂ ਦੌਰਾਨ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਆਨਲਾਈਨ ਧਾਰਮਿਕ ਪ੍ਰਤੀਯੋਗਿਤਾ ਕਰਵਾਈ ਗਈ ਸੀ, ਜਿਸ ਵਿਚ ਕਵਿਤਾ ਮੁਕਾਬਲੇ ਲਈ ਆਈਆਂ ਕਵਿਤਾਵਾਂ ਦੀ ਚੋਣ ਕਰਨ ਦੀ ਸੇਵਾ ਡਾ. ਹਰੀ ਸਿੰਘ ਜਾਚਕ ਨੂੰ ਸੌਂਪੀ ਗਈ ਸੀ, ਜਿਹੜੀ ਉਨ੍ਹਾਂ ਵਲੋਂ ਪੂਰੀ ਤਨਦੇਹੀ ਤੇ ਦਿਆਨਤਦਾਰੀ ਨਾਲ ਨਿਭਾਈ ਗਈ। ਇਸ ਮੌਕੇ ਸਿੰਘ ਸਾਹਿਬ ਨੇ ਕਵਿਤਾ ਲਿਖਣ, ਲੇਖ ਲਿਖਣ, ਚਿਤਰਕਲਾ (ਪੇਂਟਿੰਗ) ਅਤੇ ਨਾਅਰੇ ਲਿਖਣ ਦੇ ਮੁਕਾਬਲਿਆਂ ਵਿਚ ਪਹਿਲੇ ਦਸ-ਦਸ ਸਥਾਨਾਂ 'ਤੇ ਆਏ ਵਿਦਿਆਰਥੀਆਂ ਨੂੰ ਅਤੇ ਹਰ ਮੁਕਾਬਲੇ ਦੇ ਜੱਜ ਸਾਹਿਬਾਨ ਜਿਸ 'ਚ ਪੰਥਕ ਕਵੀ ਸ: ਗੁਰਚਰਨ ਸਿੰਘ ਚੰਨ ਵੀ ਸ਼ਾਮਿਲ ਸਨ, ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

ਅਜੀਤ
09-Oct-2020
Page: 7
http://epaper.ajitjalandhar.com/edition/20201009/8/7.cms

ਸ਼ਤਾਬਦੀਆਂ ਦੇ ਮੌਕੇ ਵਿਸ਼ੇਸ਼ ਸਨਮਾਨ Special Awards During Celebration of Centuries

ਨਾਮਵਰ ਸ਼ਖ਼ਸੀਅਤਾਂ ਤੋਂ ਮਾਣ ਸਨਮਾਨ ਤੇ ਇਨਾਮ Awards & Rewards from renowned Personalities

ਜਾਬੀ ਵਿਰਸਾ ਫਾਊਂਡੇਸ਼ਨ ਦੇ ਅਹੁਦੇਦਾਰ ਡਾ. ਹਰੀ ਸਿੰਘ ਜਾਚਕ ਨੂੰ ਸਨਮਾਨਿਤ ਕਰਦੇ ਹੋ

ਕਨਵੀਨਰ ਤੇ ਸੰਚਾਲਕ : 52 ਕਵੀਆਂ ਦੇ ਕਵੀ ਦਰਬਾਰ Convener & Coordinator : Kavi Darbars 52 Poets

ਰਾਸ਼ਟਰੀ ਤੇ ਅੰਤਰਰਾਸ਼ਟਰੀ ਕਵੀ ਦਰਬਾਰਾਂ ਵਿਚ ਸ਼ਮੂਲੀਅਤ Participation in National & International Kavi Darbars



ਇੰਗਲੈਂਡ ਵਿਖੇ ਕਵੀ ਦਰਬਾਰ

ਇੰਗਲੈਂਡ ਵਿਖੇ ਮਾਨਚੈਸਟਰ, ਹਰਡਸਫੀਲਡ, ਸਾਥੂਥਾਲ, ਸਾਊਥ੍ਹੀਲਡ, ਸੰਡਰਲੈਂਡ, ਨਿਊਕੈਸਲ, ਬਰੈਡਫੋਰਡ, ਬਰਮਿੰਘਮ, ਸਮੈਥਿਕ, ਲੈਸਟਰ, ਕੋਵੈਨਟਰੀ, ਡਰਬੀ ਅਤੇ ਲੀਡਸ ਆਦਿ ਸ਼ਹਿਰਾਂ ਵਿਖੇ ਗੁਰੂ ਘਰਾਂ ਵਿੱਚ ਲਗਾਤਾਰ ਚਾਰ ਮਹੀਨੇ ਕਵੀ ਦਰਬਾਰ ਕੀਤੇ ਅਤੇ ਪ੍ਰਬੰਧਕ ਸਾਹਿਬਾਨ ਵਲੋਂ ਸਨਮਾਨਿਤ ਕੀਤਾ।

ਪ੍ਰਮੁੱਖ ਸਾਹਿਤਕਾਰਾਂ ਤੇ ਕਵੀ ਸਾਹਿਬਾਨ ਨਾਲ With Renowned Poets & Literary Personalities

ਵਿਰਸਾ ਖਾਲਸੇ ਦਾ ਐਲਬਮ ਅਤੇ ਇਸ ਨੂੰ ਰਿਲੀਜ਼ ਕਰਦੇ ਹੋਏ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਮੈਂਬਰ ਪਾਰਲੀਮੈਂਟ ਅਤੇ ਹੋਰ ਪਤਵੰਤੇ ਸੱਜਣ।

Album Virsa Khalse Da released by Prof. Prem Singh Chandumajra MP and other renowned personalities.

ੴ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ।।

ਸਨਮਾਨ ਪੱਤਰ

ਵਿਰਾਸਤੀ ਜਜ਼ਬੇ, ਲਿਆਕਤ, ਉਦਮ ਅਤੇ ਕਾਵਿ ਪ੍ਰਤਿਭਾ ਨਾਲ ਸ਼ਿੰਗਾਰੀ ਹਸਤੀ

ਡਾ. ਹਰੀ ਸਿੰਘ ਜੀ 'ਜਾਚਕ'

ਪਰਮਾਤਮਾ ਦੇ ਹੁਕਮ ਅੱਗੇ ਨਤਮਸਤਕ ਹੁੰਦਿਆਂ, ਸਦਾ ਹੀ ਖਿੜੇ ਮੱਥੇ ਜੀਵਨ ਸੰਘਰਸ਼ ਵਿਚ ਅਗਾਂਹ ਵਧੂ ਸੋਚ ਲੈ ਕੇ, ਸੰਗਤੀ ਅਸੀਸਾਂ ਦੇ ਬੱਲ ਤੇ ਪ੍ਰੇਰਨਾ ਸਦਕਾ, ਡਾ. ਹਰੀ ਸਿੰਘ ਜਾਚਕ ਹੁਰਾਂ, ਸਮਾਜ ਲਈ ਬੌਧਿਕ-ਮਾਨਸਕ ਤੇ ਅਧਿਆਤਮਿਕ ਪੱਖੋਂ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਕਵੀ ਦਰਬਾਰਾਂ ਵਿਚ ਅਨੰਦ ਲੈ ਰਹੀ ਸੰਗਤ ਵਿੱਚੋਂ ਬਹੁਤਿਆਂ ਨੂੰ ਇਹ ਗਿਆਤ ਨਹੀਂ ਹੋਣਾ ਕਿ ਇਹ ਪ੍ਰਸਿੱਧ ਕਵੀ, ਡਿਫੈਂਸ ਪੈਨਸ਼ਨ ਡਿਸਬਰਸਮੈਂਟ ਅਫ਼ਸਰ (DPDO) ਦੇ ਉੱਚੇ ਅਹੁਦੇ 'ਤੇ ਰਿਟਾਇਰ ਹੋਏ ਹਨ। ਕਾਬਲੀਅਤ ਦੀ ਗੱਲ ਕਰੀਏ ਤਾਂ ਪਿੰਡ ਦੀ ਸਕੂਲੀ ਵਿਦਿਆ ਉਪਰੰਤ ਆਰ.ਐਸ.ਡੀ. ਕਾਲਜ, ਫਿਰੋਜ਼ਪੁਰ ਤੋਂ ਬੀ. ਏ. ਕਰਕੇ ਲੁਧਿਆਣੇ ਸਰਕਾਰੀ ਕਾਲਜ ਤੋਂ ਐਮ. ਏ. ਅੰਗਰੇਜ਼ੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਮ. ਏ. ਧਰਮ ਅਧਿਐਨ ਅਤੇ ਪੀ. ਐਚ. ਡੀ. (ਧਰਮ ਅਧਿਐਨ) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ।

ਫਿਰੋਜ਼ਪੁਰ ਦੇ ਪਿੰਡ ਸੋਢੀ ਨਗਰ ਦੇ ਵਾਸੀ ਪਿਤਾ ਸ੍ਰ. ਮਹਿਤਾਬ ਸਿੰਘ ਘਰ, ਮਾਤਾ ਰਾਮ ਕੌਰ ਦੀ ਕੁੱਖੋਂ, 16 ਅਪ੍ਰੈਲ, 1959 ਨੂੰ ਜਨਮੇ ਸ੍ਰ. ਹਰੀ ਸਿੰਘ, 8 ਵਰ੍ਹਿਆਂ ਦੀ ਆਯੂ ਵਿਚ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲੱਗ ਗਏ ਸਨ।

ਕਾਲਜ ਪੜ੍ਹਦਿਆਂ ਸਮੇਂ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੈਂਬਰ ਬਣੇ। ਕੈਂਪਾਂ ਵਿਚ ਕਦੇ ਬਲੱਗਣ, ਤੀਰ, ਦਰਦੀ ਆਦਿ ਕਵੀਆਂ ਦੀਆਂ ਰਚਨਾਵਾਂ ਪੜ੍ਹ ਕੇ ਰੰਗ ਬੰਨਣ ਵਾਲੇ ਨੌਜਵਾਨ ਕਵੀ ਨੂੰ ਸਟੱਡੀ ਸਰਕਲ ਨੇ 'ਜਾਚਕ' ਤਖ਼ੱਲਸ ਨਾਲ ਸਜੱਗ ਕੀਤਾ। ਅੱਜ ਸੈਂਕੜੇ ਨੌਜਵਾਨ ਤੇ ਵਿਦਿਆਰਥੀ, ਜਾਚਕ ਜੀ ਦੀਆਂ ਕਵਿਤਾਵਾਂ ਯਾਦ ਕਰਕੇ ਸਟੇਜਾਂ 'ਤੇ ਪੇਸ਼ ਕਰਦੇ ਅਤੇ ਇਨਾਮ ਹਾਸਲ ਕਰਦੇ ਹਨ।

ਖੁਸ਼ਹਾਲ ਗ੍ਰਹਿਸਥੀ ਜੀਵਨ ਦੌਰਾਨ, ਬੇਟੇ ਪਰਮਦੀਪ ਸਿੰਘ ਦੀਪ ਅਤੇ ਫੇਰ ਸੁਪਤਨੀ ਸਰਦਾਰਨੀ ਦਲਬੀਰ ਕੌਰ ਦਾ ਵਿਛੋੜਾ ਹੋਇਆ ਜੋ ਬਹੁਤ ਕਰੜਾ ਤੇ ਬਿਖਮ ਸਮਾਂ ਸੀ। ਵਾਹਿਗੁਰੂ ਦੀ ਬਖਸ਼ੀ ਸ਼ਕਤੀ ਸਦਕਾ, ਡਾ. ਜਗਦੀਪ ਕੌਰ ਜੀ ਨਾਲ ਪੁਨਰ ਅਨੰਦ ਕਾਰਜ ਉਪਰੰਤ, ਸੰਗਤੀ ਹੌਂਸਲੇ ਨਾਲ ਜੀਵਨ ਸੰਘਰਸ਼ ਵਿਚ ਅੱਗੇ ਵਧੇ। ਬੇਟੀ ਬਲਪ੍ਰੀਤ ਕੌਰ ਐਮ. ਬੀ. ਏ. ਸੀਨੀਅਰ ਮੈਨੇਜਰ (ਐਚ.ਡੀ.ਐਫ. ਸੀ. ਲਾਈਫ), ਬੇਟਾ ਇੰਜੀਨੀਅਰ ਭੁਪਿੰਦਰ ਸਿੰਘ ਪਰਵਾਰਿਕ ਮੰਡਲ ਦੇ ਸਿਤਾਰੇ ਹਨ।

ਜਿਥੇ ਆਪ ਸਟੱਡੀ ਸਰਕਲ ਦੇ ਐਡੀਸ਼ਨਲ ਚੀਫ਼ ਸਕੱਤਰ ਦੀ ਸੇਵਾ ਕਰ ਰਹੇ ਹਨ, ਉਥੇ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਜਨਰਲ ਸਕੱਤਰ ਅਤੇ ਪਰਮਦੀਪ ਸਿੰਘ ਦੀਪ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਵੀ ਹਨ।

ਪੁਸਤਕਾਂ ਰੂਪ ਸਾਹਿਤਕ ਪ੍ਰਾਪਤੀਆਂ :

1. ਵਿਰਸੇ ਦੇ ਅੰਗ ਸੰਗ (ਕਾਵਿ ਸੰਗ੍ਰਹਿ) 2. ਲਹੂ ਭਿੱਜੇ ਇਤਿਹਾਸ ਦੇ ਪੰਨੇ (ਕਾਵਿ ਸੰਗ੍ਰਹਿ) 3. ਧਰਮ ਕਾ ਜੈਕਾਰ (ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ 25 ਸਾਲਾ ਇਤਿਹਾਸ) 4. 21ਵੀਂ ਸਦੀ ਵਿਚ ਸਿੱਖ ਧਰਮ ਨੂੰ ਦਰਪੇਸ਼ ਚੁਣੌਤੀਆਂ (ਖੋਜ ਨਿਬੰਧ) 5. ਭਾਈ ਸੰਤੋਖ ਸਿੰਘ ਦੇ ਰਚੇ ਸਿੱਖ ਇਤਿਹਾਸ ਦਾ ਅਲੋਚਨਾਤਮਿਕ ਅਧਿਐਨ (ਪੀ. ਐਚ. ਡੀ. ਥੀਸਿਸ) 6. ਸਿਦਕ ਦੇ ਪੈਂਡੇ (ਕਾਵਿ ਸੰਗ੍ਰਹਿ) 7. ਪਹਿਲੀ ਕਿਰਨ (ਸੰਪਾਦਤ ਕਾਵਿ ਸੰਗ੍ਰਹਿ) 8. ਵਾਰਸ ਵਿਰਸੇ ਦੇ (ਸੰਪਾਦਤ ਕਾਵਿ ਸੰਗ੍ਰਹਿ) 9. ਗੁਰ ਨਾਨਕ ਦਾ ਪੰਥ ਨਿਰਾਲਾ।

ਸਨਮਾਨ :

ਤਖ਼ਤ ਸਾਹਿਬਾਨ, ਦੇਸ਼ ਭਰ ਦੇ ਗੁਰਦੁਆਰਾ ਸਾਹਿਬਾਨ ਅਤੇ ਕਵੀ/ਸਾਹਿਤ ਸਭਾਵਾਂ ਵੱਲੋਂ ਬਹੁਤ ਸਾਰੇ ਸਨਮਾਨ ਪ੍ਰਾਪਤ ਹੋਏ ਹਨ। ਵਿਦਿਅਕ ਤੇ ਸਾਹਿਤਕ ਪ੍ਰਤਿਭਾ ਸਦਕਾ ਯੂਨੀਵਰਸਿਟੀਆਂ, ਕਵੀ ਸਭਾਵਾਂ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਵੀ ਪੁਰਸਕਾਰਿਤ ਕੀਤਾ ਗਿਆ ਹੈ।

ਵਿਸ਼ੇਸ਼ਤਾ :

ਰੱਬ ਵੱਲੋਂ ਹੀ, ਡਾ. ਹਰੀ ਸਿੰਘ ਜਾਚਕ ਜੀ ਨੂੰ ਬੁਲੰਦ ਆਵਾਜ਼ ਅਤੇ ਕਾਵਿ ਬੋਲਾਂ ਦੀ ਭਾਸ਼ਾਈ ਸ਼ੁਧਤਾ ਤੇ ਸਪੱਸ਼ਟਤਾ ਨਾਲ ਪੇਸ਼ ਕਰਨ ਦੀ ਕਲਾ ਹਾਸਲ ਹੈ। ਨਿਰੰਤਰ ਅਭਿਆਸ, ਅਭਿਲਾਸ਼ਾ ਅਤੇ ਸ਼ਾਬਾਸ਼ੀ ਹੁੰਗਾਰੇ ਨੇ, ਜਾਚਕ ਨੂੰ ਸਟੇਜ ਦਾ ਧਨੀ ਬਣਾ ਦਿੱਤਾ ਹੈ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ 'ਸਾਹਿਤਕਾਰ ਸਦਨ' ਅਤੇ 'ਯੁਵਕ ਲਿਖਾਰੀ ਸੇਧ ਤੇ ਸਿਖਲਾਈ ਕੇਂਦਰ' ਅਤੇ ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੁਸਾਇਟੀ ਰਾਹੀਂ ਯੁਵਕ ਲਿਖਾਰੀਆਂ, ਕਵੀਆਂ ਤੇ ਉੱਭਰਦੇ ਕਲਮਕਾਰਾਂ ਦੀਆਂ ਕਾਰਜਸ਼ਾਲਾਵਾਂ ਲਗਾਉਣ ਵਿਚ ਮੋਹਰੀ ਭੂਮਿਕਾ ਨਿਭਾਅ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਵਿਚ ਉੱਭਰੇ 52 ਕਵੀਆਂ ਦੀ ਯਾਦ ਵਿਚ ਕਵੀ ਦਰਬਾਰ, ਕਾਰਜਸ਼ਾਲਾਵਾਂ ਲਗਾ ਕੇ ਅਤੇ 52 ਨੌਜਵਾਨ ਕਵੀਆਂ ਦੀ ਚੋਣ ਕਰਕੇ, ਸ੍ਰੀ ਦਮਦਮਾ ਸਾਹਿਬ, ਲਿਖਣਸਰ ਦੇ ਸਥਾਨ 'ਤੇ ਸਟੱਡੀ ਸਰਕਲ ਵੱਲੋਂ ਪ੍ਰਭਾਵਸ਼ਾਲੀ ਕਵੀ ਸੰਮੇਲਨ ਕਰਵਾ ਕੇ ਜਾਚਕ ਹੁਰਾਂ ਅਤੇ ਇਨ੍ਹਾਂ ਦੀ ਟੀਮ ਨੇ ਕਮਾਲ ਦੀ ਕੌਮੀ ਸੇਵਾ ਪੇਸ਼ ਕੀਤੀ ਹੈ।

ਤਿੰਨ ਦਹਾਕਿਆਂ ਦੀ ਲੰਬੀ ਸੇਵਾ ਕਰਦਿਆਂ ਦੇਸ਼ ਦੇ ਦੂਰ-ਦਰਾਜ ਇਲਾਕਿਆਂ ਵਿਚ ਜਾ ਕੇ, ਬੇਲਾਗ, ਬੇਦਾਗ ਸੇਵਾ ਪ੍ਰਭੁਤਾ ਹਾਸਲ ਕੀਤੀ। ਲੁਧਿਆਣੇ ਵਿਖੇ ਪੈਨਸ਼ਨ ਵਿਤਰਣ ਦੇ ਮੁਖੀ ਹੁੰਦਿਆਂ, ਸੇਵਾ ਮੁਕਤ ਸੈਨਿਕਾਂ ਦੇ ਪਰਵਾਰਾਂ ਦਾ ਹੌਂਸਲਾ ਬਣਾਉਣ ਅਤੇ ਬਿਨਾਂ ਰੁਕਾਵਟ, ਪੈਨਸ਼ਨ ਵੰਡਣ ਦੀ ਵਿਵਸਥਾ ਸੁਨਿਸ਼ਚਿਤ ਕਰਨਾ, ਇਨ੍ਹਾਂ ਦੀ ਪਹਿਲ ਰਹੀ ਹੈ।

ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਇਨ੍ਹਾਂ ਨੂੰ ਲੰਬੀ ਆਯੂ, ਸੋਹਣੀ ਸਿਹਤ, ਪਰਵਾਰਕ ਪ੍ਰਫੁੱਲਤਾ, ਕੌਮੀ ਸੇਵਾ ਅਤੇ ਮਾਨਸਿਕ-ਆਤਮਕ ਖੇੜੇ ਦੀ ਬਖਸ਼ਿਸ਼ ਹਾਸਲ ਹੋਵੇ ਤੇ 'ਜਾਚਕ' ਪ੍ਰਭੂ ਨਾਮ ਦਾ ਸੱਚਾ ਜਾਚਕ ਬਣ ਕੇ, ਸੰਗਤਾਂ ਨੂੰ ਕਾਵਿ ਮੰਡਲਾਂ ਦੇ ਵਿਰਸੇ ਨਾਲ ਸਰਸ਼ਾਰ ਰੂਹਾਨੀ ਬੋਲ ਸੁਣਾਉਂਦਾ ਰਹੇ।

ਸਰਬੱਤ ਦਾ ਭਲਾ

www.ggssc.net

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਕੇਂਦਰੀ ਦਫ਼ਤਰ : ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ (ਪੰਜਾਬ) ਇੰਡੀਆ

Letter of Appreciation

in honor of

Hari Singh

Sr. AO, DPDO Ludhiana

Shri Hari Singh Senior Accounts Officer DPDO Ludhiana superannuate today on 30th April, 2019 after rendering 34 years 07 months of service to Defence Accounts Department. He has played a long and significant role as an integral member of the DAD fraternity. He is a good orator and has great communication skills and proficient in composing Hindi, Punjabi and English poetry. He has ability to adjudicate complicated cases within stipulate time frame. He is respectful towards his seniors and cordial with his juniors/subordinates. He assisted old, sick and needy pensioners as well as family pensioners while serving in this office. He is intelligent, honest hard working and punctual officer. He has been a friend philosopher and guide to this office. We are proud of well educated, enlightened and experienced officer.

We wish his retired life healthy prosper and happiest.

Mr. Ran Bahadur
DPDO, Ludhiana
95308-68709

Mr. Nirmal Singh
DPDO, Ludhiana
99159-34078

ਅਜੀਤ ਮੈਗਜ਼ੀਨ
ਐਤਵਾਰ, 30 ਅਗਸਤ, 2020
ਅਜੀਤ
30-Aug-2020
Page: 4
http://epaper.ajitjalandhar.com/edition/20200830/20/4.

ਕਿਤਾਬਾਂ

ਗੁਰ ਨਾਨਕ ਦਾ ਪੰਥ ਨਿਰਾਲਾ

ਲੇਖਕ : ਡਾ: ਹਰੀ ਸਿੰਘ 'ਜਾਚਕ'

ਪ੍ਰਕਾਸ਼ਕ : ਪਰਮਦੀਪ ਸਿੰਘ ਦੀਪ ਯਾਦਗਾਰੀ ਵੈੱਲਫੇਅਰ ਸੁਸਾਇਟੀ, ਲੁਧਿਆਣਾ

ਮੁੱਲ : 400 ਰੁਪਏ, ਸਫ਼ੇ : 456

ਸੰਪਰਕ : 98722-05910.

ਇਹ ਕਾਵਿ-ਸੰਗ੍ਰਹਿ ਵੱਖ-ਵੱਖ ਸਿਰਲੇਖਾਂ ਅਨੁਸਾਰ 14 ਭਾਗਾਂ ਵਿਚ ਕ੍ਰਮਵਾਰ ਇਸ ਪ੍ਰਕਾਰ ਵੰਡਿਆ ਹੋਇਆ ਹੈ : ਗੁਰੂ ਸਾਹਿਬਾਨ, ਉਸ ਸਮੇਂ ਦੇ ਸਿੱਖ, ਪੰਜ ਪਿਆਰੇ, ਅੰਮ੍ਰਿਤ ਤੇ ਖਾਲਸਾ, ਮਾਤਾ ਗੁਜਰੀ, ਸਾਹਿਬਜ਼ਾਦੇ, ਚਮਕੌਰ, ਸਰਹੰਦ, ਸਿੱਖ ਬੀਬੀਆਂ, ਭਗਤ ਸਾਹਿਬਾਨ ਬਾਰੇ, ਲਹੂ ਭਿੱਜੇ ਇਤਿਹਾਸ ਦੇ ਪੰਨੇ, ਸਿੱਖ ਜਰਨੈਲ, ਘੱਲੂਘਾਰੇ ਤੇ ਸਾਕੇ, ਇਤਿਹਾਸਕ ਅਸਥਾਨ ਤੇ ਸੰਸਥਾਵਾਂ, ਸਿਧਾਂਤਕ ਕਵਿਤਾਵਾਂ, ਸਿੱਖ ਵਿਦਵਾਨ ਅਤੇ ਨਾਮਵਰ ਸ਼ਖ਼ਸੀਅਤਾਂ, ਦੇਸ਼ ਭਗਤ, ਸਮਾਜਿਕ ਵਿਸ਼ਿਆਂ 'ਤੇ ਕਵਿਤਾਵਾਂ ਆਦਿ। ਪੁਸਤਕ ਦੇ ਅੰਤ ਵਿਚ ਡਾ: ਜਾਚਕ ਨੇ ਆਪਣੇ ਜੀਵਨ ਅਤੇ ਵਿਲੱਖਣ ਪ੍ਰਾਪਤੀਆਂ ਬਾਰੇ ਚਿੱਤਰਾਂ ਸਹਿਤ ਮੁੱਲਵਾਨ ਜਾਣਕਾਰੀ ਦਿੱਤੀ ਹੈ।

ਇਸ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਬਿਰਤਾਂਤਕ ਕਾਵਿ-ਦ੍ਰਿਸ਼ਟੀ ਤੋਂ ਵਿਚਾਰੇ ਜਾਣ ਦੇ ਯੋਗ ਹਨ। ਇਨ੍ਹਾਂ ਕਾਵਿ-ਬਿਰਤਾਂਤਾਂ ਦੀ ਸਮੱਗਰੀ ਦਾ ਆਧਾਰ (ਫੇਬੁਲਾ) ਸਿੱਖ ਇਤਿਹਾਸ ਗੁਰਮਤਿ ਦਰਸ਼ਨ ਅਤੇ ਸਮਾਜਿਕ ਸਰੋਕਾਰਾਂ ਵਿਚ ਨਿਹਿਤ ਹੈ, ਜਿਸ ਨੂੰ ਬਿਰਤਾਂਤ-ਸ਼ਾਸਤਰੀ ਦ੍ਰਿਸ਼ਟੀ ਅਨੁਸਾਰ 'ਫਰੇਮ ਔਫ ਰੈਫਰੈਂਸ' (ਹਵਾਲਾ ਚੌਖਟਾ) ਕਿਹਾ ਜਾ ਸਕਦਾ ਹੈ। ਲੇਖਕ ਦੀ ਕਲਮ ਵੀ ਇਸ ਫਰੇਮ ਅੰਦਰ ਰਹਿ ਕੇ ਆਪਣੇ ਕੌਤਕ ਵਿਖਾਉਂਦੀ ਹੈ। ਇਨ੍ਹਾਂ ਕਵਿਤਾਵਾਂ ਦਾ ਅਧਿਐਨ ਕਰਦਿਆਂ ਕਵੀ ਦਾ ਗੁਰਮਤਿ ਅਤੇ ਸਿੱਖੀ ਨਾਲ ਲਬਰੇਜ਼ ਅਸਤਿੱਤਵ ਪਾਠਕਾਂ ਦੇ ਸਨਮੁੱਖ ਆਣ ਖਲੋਂਦਾ ਹੈ। ਬਚਪਨ ਵਿਚ ਮਾਪਿਆਂ ਵਲੋਂ ਮਿਲੀ ਧਾਰਮਿਕ ਗੁੜ੍ਹਤੀ, ਸਿੱਖ ਸੰਸਥਾਵਾਂ ਨਾਲ ਨੇੜਤਾ, ਸਿੱਖੀ ਸਟੇਜੀ ਸਰਗਰਮੀਆਂ ਵਿਚ ਭਾਗ ਦੇ ਨਾਲ-ਨਾਲ ਉਸ ਦੇ ਸਪੁੱਤਰ ਪਰਮਦੀਪ ਸਿੰਘ ਦੀਪ ਦਾ ਬੇਮੌਕਾ ਵਿਛੋੜਾ ਇਸ ਸੰਗ੍ਰਹਿ ਦੇ ਹੋਂਦ ਵਿਚ ਆਉਣ ਨੂੰ ਜੁੰਬਸ਼ ਪ੍ਰਦਾਨ ਕਰਦਾ ਹੈ।

ਕਲਾਤਮਿਕ ਦ੍ਰਿਸ਼ਟੀ ਤੋਂ ਇਨ੍ਹਾਂ ਕਵਿਤਾਵਾ ਦੀ ਮੁੱਖ ਸੁਰ ਸਟੇਜੀ-ਕਾਵਿ ਹੋਣ ਕਾਰਨ ਪਾਠਕਾਂ ਨਾਲ ਨੇੜੇ ਦਾ ਸਰੋਕਾਰ ਰੱਖਦੀ ਹੈ। ਸ੍ਰੋਤਿਆਂ ਨੂੰ ਇਹ ਸੁਰ ਕੀਲਣ ਦੀ ਸਮਰੱਥਾ ਰੱਖਦੀ ਹੈ। ਇਹ ਕਾਵਿ-ਸੰਗ੍ਰਹਿ ਪਰੰਪਰਾਗਤ ਕਾਵਿ ਦੀ ਪੁਨਰ-ਸਥਾਪਨਾ ਦੀ ਸਾਖੀ ਭਰਦਾ ਹੈ। ਪਹਿਲੀ ਕਵਿਤਾ 'ਅਰਜ਼ੋਈ' ਇਸ ਦਾ ਮੰਗਲਾਚਰਨ ਵੀ ਹੈ ਅਤੇ ਇਸ ਦੇ ਕਾਵਿ-ਉਦੇਸ਼ ਦਾ ਨੀਂਹ ਪੱਥਰ ਵੀ ਹੈ, ਜਿਸ ਉੱਪਰ ਇਸ ਕਾਵਿ-ਸੰਗ੍ਰਹਿ ਦੀ ਉਸਾਰੀ ਹੁੰਦੀ ਹੈ। ਸ਼ਾਂਤ ਰਸ ਤੋਂ ਆਰੰਭ ਹੋ ਕੇ ਹੋਰਨਾਂ ਰਸਾਂ ਦਾ ਪੈਂਡਾ ਕੱਛ ਦਾ ਬੀਰ ਰਸ ਦੀ ਸਿਖਰ ਨੂੰ ਪੁੱਜਦਾ ਹੈ। ਕਵੀ ਦਾ ਕਾਵਿ-ਕੌਡ ਜਾਂ ਕਹੋ 'ਕੋਜੀਟੋ' ਧਾਰਮਿਕ ਪ੍ਰਚਾਰਕ ਅਤੇ ਸਮਾਜ ਸੁਧਾਰਕ ਨਿਸਚਿਤ ਕੀਤਾ ਜਾ ਸਕਦਾ ਹੈ। ਉਸ ਦੇ ਕਾਵਿ ਵਿਚ ਅਲੰਕਾਰ, ਬਿੰਬਾਵਲੀ, ਉਪਮਾਵਾਂ ਸਹਿਜ ਨਾਲ ਪ੍ਰਵੇਸ਼ ਕਰ ਜਾਂਦੀਆਂ ਹਨ, ਦਰਿਆਵਾਂ ਵਰਗੀ ਰਵਾਨੀ ਹੈ। ਯਮਕ ਅਲੰਕਾਰ ਦੀ ਖੂਬਸੂਰਤ ਉਦਾਹਰਨ ਵੇਖੋ :



ਲਾਲ ਗੁਰੂ ਦੇ ਚੌਕ ਜਿਉਂ ਲਾਲ ਕਰ ਗਏ,
ਕਰ ਸਕੇ ਨਾ ਮਾਈ ਦਾ ਲਾਲ ਕੋਈ। (ਪੰ: 96)

ਦ੍ਰਿਸ਼-ਚਿਤਰਨ ਵੀ ਕਮਾਲ ਦਾ ਹੈ :

ਭਖੇ ਹੋਏ ਇਸ ਰਣ ਮੈਦਾਨ ਅੰਦਰ,
ਬ੍ਰਹਮਗਿਆਨੀ ਇਕ ਚੋਜ ਵਰਤਾਈ ਜਾਂਦੈ।
ਆਪਣੇ ਮੋਢੇ 'ਤੇ ਭਰੀ ਹੋਈ ਮਸ਼ਕ ਚੁੱਕ ਕੇ,
ਬਿਨਾਂ ਵਿਤਕਰੇ ਪਾਣੀ ਪਿਲਾਈ ਜਾਂਦੈ।
ਕਦੀ ਇਸ ਪਾਸੇ ਤੇ ਕਦੀ ਉਸ ਪਾਸੇ,
ਨਿਰਭੈ ਹੋ ਕੇ ਜਲ ਛਕਾਈ ਜਾਂਦੈ।
ਬਿਨਾਂ ਪਾਣੀ ਤੋਂ ਜੇਸ ਦੀ ਜਾਨ ਨਿਕਲੇ,
ਜਾਨ ਓਸ ਦੀ ਜਾਨ ਵਿਚ ਪਾਈ ਜਾਂਦੈ। (ਪੰ: 132)

ਸੰਖੇਪ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਇਹ ਇਕ ਵਿਲੱਖਣ ਕਾਵਿ-ਸੰਗ੍ਰਹਿ ਹੈ।

—ਡਾ: ਧਰਮ ਚੰਦ ਵਾਤਿਸ਼

ਮੋ: 88376-79186.

□□□

• ਪਲਵਿੰਦਰ ਸਿੰਘ ਢੁੱਡੀਕੇ
98724-96720

ਡਾ. ਜਾਚਕ ਹਰ ਸਾਲ ਆਪਣੇ ਬੇਟੇ ਪਰਮਦੀਪ ਸਿੰਘ ਦੀਪ ਦੀ ਯਾਦ ਵਿਚ ਕਵੀ ਦਰਬਾਰ ਕਰਵਾਉਂਦੇ ਹਨ। ਕਵੀ ਦਰਬਾਰ ਦੀ ਪ੍ਰੰਪਰਾ ਨੂੰ ਮਜ਼ਬੂਤ ਕਰਨ ਲਈ ਨੌਜਵਾਨ ਪੰਥਕ ਕਵੀਆਂ ਦੀ ਖੋਜ ਕਰਨਾ ਹੀ ਉਨ੍ਹਾਂ ਦਾ ਇੱਕੋ ਇਕ ਮਿਸ਼ਨ ਹੈ...

ਬੁਲੰਦ ਆਵਾਜ਼ ਵਾਲਾ ਕਵੀ

ਡਾ. ਹਰੀ ਸਿੰਘ ਜਾਚਕ

ਚਾਹੇ ਗੀਤ ਹੋਵੇ, ਗ਼ਜ਼ਲ ਹੋਵੇ ਜਾਂ ਕਵਿਤਾ, ਕਲਾ ਦੀ ਹਰ ਵੰਨਗੀ ਨੂੰ ਪੇਸ਼ ਕਰਨ ਦੇ ਕੁਝ ਬੁਨਿਆਦੀ ਅਸੂਲ ਹੁੰਦੇ ਹਨ ਜਿਨ੍ਹਾਂ ਵਿਚ ਪੇਸ਼ ਕਰਨ ਦੀ ਸ਼ੈਲੀ ਅਤੇ ਸ਼ਬਦਾਵਲੀ ਵੀ ਅਹਿਮ ਰੋਲ ਅਦਾ ਕਰਦੀ ਹੈ ਪਰ ਇਸ ਕਸੌਟੀ 'ਤੇ ਕੁਝ ਕੁ ਪੇਸ਼ਕਾਰ ਹੀ ਖਰੇ ਉਤਰਦੇ ਹਨ ਜਿਨ੍ਹਾਂ ਵਿੱਚੋਂ ਹੀ ਇਕ ਹਨ ਬੁਲੰਦ ਆਵਾਜ਼ ਦੇ ਮਾਲਕ ਤੇ ਪੰਥਕ ਕਵੀ ਵਜੋਂ ਜਾਣੇ ਜਾਂਦੇ ਡਾ. ਹਰੀ ਸਿੰਘ ਜਾਚਕ ਜਿਨ੍ਹਾਂ ਨੂੰ ਹਰ ਕੋਈ ਭਲੀ ਭਾਂਤ ਜਾਣਦਾ ਤੇ ਪਛਾਣਦਾ ਹੈ। ਧਾਰਮਿਕ ਖੇਤਰ ਨਾਲ ਸਬੰਧਿਤ ਅਜਿਹਾ ਸ਼ਾਇਦ ਹੀ ਕੋਈ ਕਵੀ ਦਰਬਾਰ ਹੋਵੇ ਜਿੱਥੇ ਡਾ. ਜਾਚਕ ਨੇ ਸ਼ਮੂਲੀਅਤ ਨਾ ਕੀਤੀ ਹੋਵੇ।

16 ਅਪਰੈਲ 1959 ਨੂੰ ਪਿਤਾ ਮਤਾਬ ਸਿੰਘ ਅਤੇ ਮਾਤਾ ਰਾਮ ਕੌਰ ਦੇ ਗ੍ਰਹਿ ਵਿਖੇ ਜਨਮੇ ਡਾ. ਜਾਚਕ ਦਾ ਪਰਿਵਾਰ 1947 ਦੀ ਵੰਡ ਉਪਰੰਤ ਸਰਕਾਰ ਵੱਲੋਂ ਅਲਾਟ ਕੀਤੇ ਸਥਾਨ ਸੋਢੀ ਨਗਰ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਆਇਆ। ਮੁੱਢਲੀ ਵਿਦਿਆ ਤੋਂ ਬਾਦ ਡਾ. ਜਾਚਕ ਨੇ ਧਾਰਮਿਕ ਅਧਿਐਨ ਵਿਚ ਐੱਮਏ ਅਤੇ ਪੀਐੱਚਡੀ ਦੀ ਡਿਗਰੀ ਹਾਸਲ ਕੀਤੀ। ਇੰਨਾ ਹੀ ਨਹੀਂ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ ਗੋਲਡ ਮੈਡਲ ਵੀ ਦਿੱਤਾ ਗਿਆ। ਇਕ ਮੁਲਾਕਾਤ ਦੌਰਾਨ ਡਾ. ਜਾਚਕ ਨੇ ਦੱਸਿਆ ਕਿ ਉਨ੍ਹਾਂ ਨੂੰ ਬਚਪਨ ਤੋਂ ਹੀ ਕਵਿਤਾ ਦੀ ਪੇਸ਼ਕਾਰੀ ਦਾ ਗਹਿਰਾ ਸ਼ੌਕ ਸੀ। ਉਨ੍ਹਾਂ ਸਕੂਲ ਅਤੇ ਕਾਲਜ ਵਿਚ ਵੀ ਕਵਿਤਾ ਮੁਕਾਬਲਿਆਂ ਵਿਚ ਵੱਧ

ਚੜ੍ਹ ਕੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਵੱਖ ਵੱਖ ਜਗ੍ਹਾ ਸੇਵਾਵਾਂ ਨਿਭਾਉਣ ਉਪਰੰਤ ਉਹ 2006 ਵਿਚ ਲੁਧਿਆਣਾ ਆ ਵਸੇ। ਉਹ ਲੁਧਿਆਣਾ ਸਥਿਤ ਆਰਮੀ ਕੰਪਲੈਕਸ ਵਿਖੇ ਡੀਪੀਡੀਓ ਆਫਿਸ ਲੁਧਿਆਣਾ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਕਰੀ ਦੌਰਾਨ ਉਹ ਜਿੱਥੇ ਵੀ ਰਹੇ ਕਵਿਤਾ ਦਾ ਸ਼ੌਕ ਨਾਲੋ ਨਾਲ ਚੱਲਦਾ ਰਿਹਾ। ਉਹ ਪਿਛਲੇ ਚਾਰ ਦਹਾਕਿਆਂ ਤੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਵੀ ਜੁੜੇ ਹੋਏ ਹਨ ਤੇ ਅੱਜ ਕੱਲ੍ਹ ਸਰਕਲ ਦੇ ਭਾਸ਼ਾਵਾਂ, ਸਾਹਿਤ ਤੇ ਸੱਭਿਆਚਾਰਕ ਮਾਮਲੇ ਕੌਂਸਲ ਦੇ ਐਡੀਸ਼ਨਲ ਚੀਫ ਸਕੱਤਰ ਹਨ। ਸ਼ੋਸ਼ਲ ਮੀਡੀਆ ਦੀ ਭਰਵੀਂ ਸ਼ਲਾਘਾ ਕਰਦਿਆਂ ਡਾ. ਜਾਚਕ ਨੇ ਕਿਹਾ ਉਹ ਸਿੱਖ ਧਰਮ ਨਾਲ ਸਬੰਧਤ ਦੁਨੀਆ ਦੇ ਸੈਂਕੜੇ ਗਰੁੱਪਾਂ ਨਾਲ ਜੁੜੇ ਹੋਏ ਹਨ ਤੇ ਇਨ੍ਹਾਂ ਗਰੁੱਪਾਂ ਵਿਚ ਸ਼ੇਅਰ ਕੀਤੀਆਂ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦੀਆਂ ਕਵਿਤਾਵਾਂ ਨੂੰ ਲੱਖਾਂ ਲੋਕਾਂ ਨੇ ਪਸੰਦ ਕੀਤਾ ਹੈ ਤੇ ਇਹ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਉਨ੍ਹਾਂ ਆਪਣੀਆਂ ਕਵਿਤਾਵਾਂ ਦੀਆਂ ਕੁੱਝ ਸਤਰਾਂ ਵੀ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ -

'ਗੋਬਿੰਦ ਜਿਹਾ ਕੀ
ਕਿਸੇ ਦਾ ਪੁੱਤ ਹੋਣਾ,
ਗੁਜਰੀ ਜਿਹੀ ਨਹੀਂ
ਕਿਸੇ ਦੀ ਮਾਂ ਹੋਣੀ',
'ਉਹ ਘਰ ਨਹੀਂ ਕਦੇ ਵੀ
ਨਰਕ ਬਣਦਾ
ਸੱਸ ਨੂੰਹ ਦਾ
ਜਿੱਥੇ ਪਿਆਰ ਹੋਵੇ
ਜਿੱਥੇ ਪਤਨੀ ਨੂੰ
ਸਮਝਿਆ ਜਾਏ ਸਾਥਣ
ਅਤੇ ਮਾਂ ਦਾ ਪੂਰਨ
ਸਤਿਕਾਰ ਹੋਵੇ
ਨੂੰਹ ਆਪਣੀ ਸੱਸ ਨੂੰ
ਮਾਂ ਸਮਝੇ
ਸੱਸ ਨੂੰ ਨੂੰਹ 'ਚੋਂ
ਧੀ ਦਾ ਦੀਦਾਰ ਹੋਵੇ
ਘਰ ਕਲੇਸ਼ ਤੋਂ ਰਹਿੰਦਾ ਏ
ਮੁਕਤ ਜਾਚਕ
ਸੱਚਮੁੱਚ ਉਹ
ਸੁਖੀ ਪਰਿਵਾਰ ਹੋਵੇ।'

ਵਿਸ਼ੇਸ਼ ਤੌਰ ਤੇ ਸ਼ਾਮਲ ਹਨ। ਡਾ. ਜਾਚਕ ਨੇ ਦੱਸਿਆ ਕਿ ਉਹ ਹਰ ਸਾਲ ਆਪਣੇ ਬੇਟੇ ਪਰਮਦੀਪ ਸਿੰਘ ਦੀਪ ਦੀ ਯਾਦ ਵਿਚ ਕਵੀ ਦਰਬਾਰ ਕਰਵਾਉਂਦੇ ਹਨ ਜਿੱਥੇ ਕਿ ਉੱਭਰ ਰਹੇ ਕਵੀਆਂ ਨੂੰ ਆਪਣੀਆਂ ਰਚਨਾਵਾਂ ਪੇਸ਼ ਕਰਨ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਕਵੀ ਦਰਬਾਰ ਦੀ ਪ੍ਰੰਪਰਾ ਨੂੰ ਮਜ਼ਬੂਤ ਕਰਨ ਲਈ ਨੌਜਵਾਨ ਪੰਥਕ ਕਵੀਆਂ ਦੀ ਖੋਜ ਕਰਨਾ ਹੀ ਉਨ੍ਹਾਂ ਦਾ ਇੱਕੋ ਇਕ ਮਿਸ਼ਨ ਹੈ। ਡਾ. ਜਾਚਕ ਨੇ ਕਈ ਪੁਸਤਕਾਂ ਵੀ ਲਿਖੀਆਂ ਜਿਨ੍ਹਾਂ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਜਾਰੀ 'ਗੁਰ ਨਾਨਕ ਦਾ ਪੰਥ ਨਿਰਾਲਾ' ਤੋਂ ਇਲਾਵਾ 'ਕਾਵਿ ਸੰਗ੍ਰਹਿ ਵਿਰਸੇ ਦੇ ਅੰਗ ਸੰਗ' 'ਧਰਮ ਦਾ ਜੈਕਾਰ', 'ਕਾਵਿ ਸੰਗ੍ਰਹਿ ਡਿੱਜੇ ਇਤਿਹਾਸ ਦੇ ਪੰਨੇ', ਖੋਜ ਨਿਬੰਧ '21ਵੀਂ ਸਦੀ 'ਚ ਸਿੱਖ ਧਰਮ ਨੂੰ ਦਰਪੇਸ਼ ਚੁਣੌਤੀਆਂ', ਆਲੋਚਨਾਤਮਕ ਅਧਿਐਨ 'ਭਾਈ ਸੰਤੋਖ ਸਿੰਘ ਦੇ ਰਚੇ ਸਿੱਖ ਇਤਿਹਾਸ' ਅਤੇ ਕਾਵਿ ਸੰਗ੍ਰਹਿ 'ਸਿਦਕ ਦੇ ਪੈਂਡੇ' ਸ਼ਾਮਲ ਹਨ। ਡਾ. ਜਾਚਕ ਨੂੰ ਭਾਈ ਵੀਰ ਸਿੰਘ ਯਾਦਗਾਰੀ ਕਾਵਿ-ਪ੍ਰਤਿਭਾ ਅਤੇ ਚਮਕੌਰ ਤੇ ਸਰਹੰਦ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। •

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ 50 ਸਾਲਾ ਇਤਿਹਾਸ (1972-2022) ਲਿਖਣ ਦੀ ਸੇਵਾ

12-2-2020

ਲੁਧਿਆਣਾ ਜਾਗਰਣ

ਡਾ. ਜਾਚਕ ਨੂੰ ਮਿਲੀ ਇਤਿਹਾਸ ਲਿਖਣ ਦੀ ਅਹਿਮ ਜ਼ਿੰਮੇਵਾਰੀ

ਗੁਰੂ ਗੋਬਿਦ ਸਿੰਘ ਸਟੱਡੀ ਸਰਕਲ ਸੰਨ 2022 'ਚ ਮਨਾ ਰਿਹੈ ਗੋਲਡਨ ਜੁਬਲੀ

ਪਲਵਿੰਦਰ ਸਿੰਘ ਢੁੱਡੀਕੇ, ਲੁਧਿਆਣਾ

ਮਾਡਲ ਟਾਊਨ ਐਕਸਟੈਂਸ਼ਨ ਸਥਿਤ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੇਂਦਰੀ ਦਫਤਰ ਵਿਖੇ ਸੁਪਰੀਮ ਕੌਂਸਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਅਹਿਮ ਮੀਟਿੰਗ ਹੋਈ। ਇਸ ਮੌਕੇ ਜਿੱਥੇ ਵੱਖ-ਵੱਖ ਵਿਚਾਰਾਂ ਕੀਤੀਆਂ ਗਈਆਂ ਉੱਥੇ ਨਾਲ ਹੀ ਸੰਨ 2022 'ਚ ਗੁਰੂ ਗੋਬਿਦ ਸਿੰਘ ਸਟੱਡੀ ਸਰਕਲ ਦੀ ਗੋਲਡਨ ਜੁਬਲੀ ਮਨਾਏ ਜਾਣ ਸਬੰਧੀ ਚਰਚਾ ਵੀ ਹੋਈ।

ਇਸ ਮੌਕੇ ਪ੍ਰਸਿੱਧ ਕਵੀ ਤੇ ਸਰਕਲ ਦੇ ਐਡੀਸ਼ਨਲ ਚੀਫ ਸਕੱਤਰ ਡਾ. ਹਰੀ ਸਿੰਘ ਜਾਚਕ ਨੂੰ ਸਿਰੋਪਾਓ ਭੇਟ ਕਰਕੇ ਗੋਲਡਨ ਜੁਬਲੀ ਸਮਾਗਮ ਦੀ ਡਾਕੂਮੈਂਟਰੀ ਬਣਾਉਣ ਤੇ ਇਤਿਹਾਸ ਲਿਖਣ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਮੌਕੇ ਕੌਂਸਲ ਦਾ ਧੰਨਵਾਦ ਕਰਦੇ ਹੋਏ ਡਾ. ਜਾਚਕ ਨੇ ਕਿਹਾ ਕਿ ਮੈਂ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਂਵਾਂਗਾ। ਉਨ੍ਹਾਂ ਕਿਹਾ ਕਿ ਇਹ ਇਤਿਹਾਸ ਪੰਜਾਬੀ, ਅੰਗਰੇਜ਼ੀ ਤੇ ਹਿੰਦੀ 'ਚ ਵੀ ਉਪਲੱਬਧ ਹੋਵੇਗਾ। ਡਾ. ਜਾਚਕ ਨੇ ਕਿਹਾ ਕਿ ਸੰਨ 1997 'ਚ ਸਿਲਵਰ ਜੁਬਲੀ ਸਮਾਗਮ ਦਾ ਇਤਿਹਾਸ ਲਿਖਣ ਦਾ ਸੁਭਾਗ ਵੀ ਉਨ੍ਹਾਂ ਨੂੰ ਹੀ ਪ੍ਰਾਪਤ ਹੋਇਆ ਸੀ ਜੋ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਵਰਗੀ ਗੁਰਚਰਨ ਸਿੰਘ ਟੋਹੜਾ ਵੱਲੋਂ ਰਿਲੀਜ਼ ਕੀਤਾ ਗਿਆ ਸੀ। ਇਸ ਮੌਕੇ ਜਤਿੰਦਰਪਾਲ ਸਿੰਘ ਚੇਅਰਮੈਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਗੁਰਮੀਤ ਸਿੰਘ ਡਾਇਰੈਕਟਰ ਭਾਈ ਕਾਨ ਸਿੰਘ ਨਾਭਾ ਇੰਸਟੀਚਿਊਟ, ਹਰਜੀਤ ਸਿੰਘ ਮੁੱਖ ਪ੍ਰਸ਼ਾਸਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਵਰਿੰਦਰਜੀਤ ਸਿੰਘ ਡਿਪਟੀ ਡਾਇਰੈਕਟਰ ਭਾਈ ਕਾਨ ਸਿੰਘ ਨਾਭਾ ਇੰਸਟੀਚਿਊਟ, ਗੁਰਜੀਤ ਸਿੰਘ ਰੁਮਾਣਾ ਬੋਰਡ ਸਕੱਤਰ ਭਾਈ ਕਾਨ ਸਿੰਘ ਨਾਭਾ ਇੰਸਟੀਚਿਊਟ, ਜਸਪਾਲ ਸਿੰਘ ਪਿੰਕੀ ਡਾਇਰੈਕਟਰ ਗੁਰਮਤਿ ਸੰਗੀਤ, ਗੁਰਸ਼ਰਨ ਸਿੰਘ ਜਨਰਲ ਸਕੱਤਰ ਐਡਮਨ ਕੌਂਸਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਡਾ. ਗੁਰਸੰਗਤਪਾਲ ਸਿੰਘ ਅਸਿਸਟੈਂਟ ਡਾਇਰੈਕਟਰ ਭਾਈ ਕਾਨ ਸਿੰਘ ਨਾਭਾ ਇੰਸਟੀਚਿਊਟ, ਪ੍ਰਭਜੋਤ ਕੌਰ ਕੁਆਰਡੀਨੇਟਰ ਤੇ ਹਰਮੀਤ ਸਿੰਘ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਆਦਿ ਹਾਜ਼ਰ ਸਨ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਐਡੀਸ਼ਨਲ ਚੀਫ ਸਕੱਤਰ ਡਾ. ਹਰੀ ਸਿੰਘ ਜਾਚਕ ਨੂੰ ਸਰਕਲ ਦੇ ਗੋਲਡਨ ਜੁਬਲੀ ਸਮਾਗਮਾਂ ਦੀ ਡਾਕੂਮੈਂਟਰੀ 'ਤੇ ਇਤਿਹਾਸ ਲਿਖਣ ਦੀ ਜ਼ਿੰਮੇਵਾਰੀ ਸੌਂਪਦੇ ਹੋਏ ਕੌਂਸਲ ਦੇ ਅਹੁਦੇਦਾਰ।

ਸਿਰਮੌਰ ਕਵੀ ਸਾਹਿਬਾਨ ਵਲੋਂ ਕਾਵਿ-ਚਿੱਤਰ

ਕਰਮਜੀਤ ਸਿੰਘ 'ਨੂਰ', ਜਲੰਧਰ

ਕੀਤੀ ਜਾਚਕ ਨੇ ਖੁਲ੍ਹ ਕੇ ਕਾਵਿ ਰਚਨਾ, ਸਿੱਖ ਇਤਿਹਾਸ ਕਰਕੇ ਕਲਮਬੰਦ ਲਿਖਿਐ।
ਕੀਤੇ ਸਿਦਕ ਦੇ ਪੈਂਡੇ ਨੇ ਤਹਿ ਇਸਨੇ, ਦਸਮ ਪਿਤਾ ਦਾ ਬਣ ਕੇ ਫ਼ਰਜ਼ੰਦ ਲਿਖਿਐ।
ਹਰ ਇਕ ਸਾਕਾ ਸ਼ਹੀਦੀ ਦਾ ਦਰਦ ਭਰਿਆ, ਭਰਕੇ ਦਰਦ, ਹੋ ਕੇ ਦਰਦਮੰਦ ਲਿਖਿਐ।
ਲਹੂ ਭਿੱਜਾ ਇਤਿਹਾਸ ਦਾ ਹਰ ਪੰਨਾ, ਘੁਟ ਕੇ ਕਾਲਜਾ, ਪੀਚ ਕੇ ਦੰਦ ਲਿਖਿਐ।

ਬਹੁਤੇ ਕਵੀਆਂ ਸ਼ਹੀਦਾਂ ਦਾ ਮੁੱਲ ਵੱਟਿਐ, ਜਾਂ ਚਮਕੌਰ ਲਿਖਿਐ ਜਾਂ ਸਰਹੰਦ ਲਿਖਿਐ।
ਐਪਰ 'ਜਾਚਕ' ਨੇ ਵਿਸ਼ਾ ਨਹੀਂ ਕੋਈ ਛੱਡਿਆ, ਜਜ਼ਬੇ ਜੋਸ਼ ਨੂੰ ਕਰਕੇ ਬੁਲੰਦ ਲਿਖਿਐ।
ਲਿਖਿਆ ਜੋ ਵੀ, ਲਿਖਿਆ ਹੈ ਸਾਫ਼ ਸੁਥਰਾ, ਬਿਲਕੁਲ ਨਹੀਂ ਲੱਚਰ ਗੰਦ ਮੰਦ ਲਿਖਿਐ।
ਖੁਲ੍ਹੀ ਕਵਿਤਾ ਦੀ ਖੁਲ੍ਹ ਨਹੀਂ ਲਈ ਇਸਨੇ, 'ਨੂਰ' ਜੋ ਲਿਖਿਐ, ਛੰਦਾ ਬੰਦ ਲਿਖਿਐ।

ਪ੍ਰਿੰ: ਚੰਨਣ ਸਿੰਘ ਚਮਨ, ਹਰਿਗੋਬਿੰਦਪੁਰੀ

ਹਰੀ ਸਿੰਘ ਜਾਚਕ ਕਵੀ ਖਾਲਸੇ ਦਾ, ਚੜ੍ਹਦੀ ਕਲਾ ਦੀ ਸਦਾ ਸੁਣਾਏ ਕਵਿਤਾ।
ਲੱਗ ਜਾਂਦੀ ਏ ਝੜੀ ਜੈਕਾਰਿਆਂ ਦੀ, ਏਥੋਂ ਤੀਕਰਾਂ ਜੋਸ਼ ਚੜ੍ਹਾਏ ਕਵਿਤਾ।
ਅੰਮ੍ਰਿਤਧਾਰੀ, ਗੁਰਸਿੱਖ, ਸਰਦਾਰ ਜਾਚਕ, ਬੀਰ ਰਸ ਭਰਪੂਰ ਬਣਾਏ ਕਵਿਤਾ।
ਇਉਂ ਜਾਪਦਾ ਉਹਦੀ ਜ਼ਬਾਨ ਉਤੇ, ਕਲਗੀ ਵਾਲੜਾ ਆਪ ਚੜ੍ਹਾਏ ਕਵਿਤਾ।
ਜਾਚਕ ਜਦੋਂ ਤੱਕ ਪੰਥ ਦੀਆਂ ਪੜ੍ਹ ਕਵਿਤਾ, ਪੈਂਦੀ ਰਹੇਗੀ ਗੂੰਜ ਜੈਕਾਰਿਆਂ ਦੀ।
ਕਿਉਂਕਿ ਏਸ ਨੂੰ ਥਾਪਣਾ ਮਿਲੀ ਹੋਈ ਏ, ਕਲਗੀਵਾਲੇ ਦੇ ਪੰਜਾਂ ਪਿਆਰਿਆਂ ਦੀ।

ਡਾ: ਰਬਿੰਦਰ ਸਿੰਘ ਮਸਰੂਰ

ਜਨਰਲ ਸੈਕਟਰੀ ਕਵੀਆਂ ਦੀ ਸਭਾ ਦਾ ਹੈ, ਇਕ ਲੜੀ ਦੇ ਵਿਚ ਪਰੋ ਗਿਆ ਹੈ।
ਚੜ੍ਹਦੀ ਕਲਾ ਦਾ ਕਵੀ ਹੈ ਜੋਸ਼ ਭਰਿਆ, ਸੰਤ ਵਿਚ ਸਿਪਾਹੀ ਸਮੋ ਗਿਆ ਹੈ।
ਇਹਦੇ ਬੋਲਾਂ 'ਚ ਨਿਮਰਤਾ ਰਲੀ ਜਦ ਤੋਂ, ਹਰੀ ਸਿੰਘ ਸੀ ਪਰ 'ਜਾਚਕ' ਹੋ ਗਿਆ ਹੈ।
ਗੁਰੂ ਘਰ ਦੇ ਕਵੀਆਂ 'ਚ ਤਾਂ ਹੀ ਤਾਂ, ਅੱਜਕੱਲ੍ਹ ਸਿਖਰ ਤੇ 'ਜਾਚਕ' ਖਲੋ ਗਿਆ ਹੈ।

ਅਮਰਜੀਤ ਸਿੰਘ ਅਮਰ, ਦਿੱਲੀ

ਪਹਿਲਾਂ ਸ਼ੂਕਦਾ ਅੰਦਰ ਜਨੂਨ ਹੋਵੇ,ਫੇਰ ਹੋਏ ਰਹਿਮਤ, ਕਵੀ ਹੋ ਜਾਂਦੈ।
ਕਵੀ ਸਾਗਰ ਦੇ ਸੀਨੇ 'ਚ ਛੇਕ ਪਾ ਦਏ, ਤਣ ਕੇ ਪਰਬਤਾਂ ਵਾਂਗ ਖਲੋ ਜਾਂਦੈ।
ਲੋੜ ਪਵੇ ਤੇ ਅੰਬਰ ਦੇ ਤੋੜ ਤਾਰੇ, ਕਵੀ ਕਲਮ ਦੇ ਧਾਗੇ, ਪਰੋ ਜਾਂਦੈ।
ਕਵੀ ਕੋਈ ਕੋਈ ਦਿਲ ਦਾ ਲੈ ਚਾਨਣ,ਲੱਗੇ ਦਾਗ ਹਨੇਰੇ ਦੇ ਧੋ ਜਾਂਦੈ।
ਕਵੀ ਆਉਂਦੇ ਵੀ ਨੇ, ਕਵੀ ਜਾਂਦੇ ਵੀ ਨੇ, ਵਿਰਲਾ ਵਿਰਲਾ ਹੀ ਸਮੇਂ ਦੀ ਹਿੱਕ ਬਣਦੈ।
ਉਨ੍ਹਾਂ ਵਿਰਲਿਆਂ ਦੇ ਵਿਚੋਂ ਫੇਰ ਵਿਰਲਾ, ਹਰੀ ਸਿੰਘ 'ਜਾਚਕ' ਕੋਈ ਇਕ ਬਣਦੈ।

ਸ੍ਰ: ਗੁਰਦਿਆਲ ਸਿੰਘ ਨਿਮਰ, ਯਮੁਨਾਨਗਰ

ਵਿਰਸਾ ਘੋਖ ਵਿਰਾਸਤਾਂ ਕਰ ਮੰਥਨ, 'ਜਾਚਕ' ਸਿਰਜਦਾ ਕਾਵਿ ਕਮਾਲ ਦੀ ਏ।
ਓਹਦੀ ਕਾਵਿ ਉਡਾਰੀ ਦਾ ਅੰਤ ਕੋਈ ਨਾ, ਸੀਮਾ ਕੋਈ ਨਾ ਓਹਦੇ ਖਿਆਲ ਦੀ ਏ।
ਕੋਈ ਕਹੇ ਇਤਿਹਾਸ ਦਾ ਪਾਰਖੂ ਹੈ, ਪਰਖ ਏਸ ਨੂੰ ਸਰਗਮੀ ਤਾਲ ਦੀ ਏ।
ਨਿਮਰ' ਕਰੇ ਗੁਰੇਜ਼ ਨਾ ਸੱਚ ਕਹਿਣੋ, ਮਿਹਰ ਏਸ ਤੇ ਪੁਰਖ ਅਕਾਲ ਦੀ ਏ।

ਜਾਚਕ ਦੀਆਂ ਕਵਿਤਾਵਾਂ ਦੇ ਚੋਣਵੇਂ ਬੰਦ

ਅਰਜ਼ੋਈ

ਰੱਬੀ ਦਾਤ ਇਹ ਕਵਿਤਾ ਦੀ ਬਖਸ਼ ਮੈਨੂੰ, ਮੇਰੇ ਹੱਥ ਤੂੰ ਕਲਮ ਫੜਾਈ ਦਾਤਾ।
ਔਖੀ ਘਾਟੀ ਤੇ ਮੁਸ਼ਕਲ ਏ ਬੜਾ ਪੈਂਡਾ, ਆਪੇ ਕਰਨੀ ਏ ਤੁਸਾਂ ਅਗਵਾਈ ਦਾਤਾ।
ਲੈ ਕੇ ਲੋਅ ਗੁਰਬਾਣੀ ਦੀ ਜੋਤ ਕੋਲੋਂ, ਸਾਰੇ ਜੱਗ ਵਿਚ ਕਰੇ ਰੁਸ਼ਨਾਈ ਦਾਤਾ।
ਰਹਿ ਕੇ ਨਾਮ ਖ਼ੁਮਾਰੀ ਦੇ ਵਿਚ ਹਰਦਮ, ਲਿਖਦੀ ਥੱਕੇ ਨਾ, ਤੇਰੀ ਵਡਿਆਈ ਦਾਤਾ।

ਸ੍ਰੀ ਗੁਰੂ ਅਰਜਨ ਦੇਵ ਜੀ

ਲਾਲ ਤਵੀ ਵੱਲ ਵੇਖ ਕੇ ਕਹਿਣ ਲੱਗੇ, ਇਹਨੇ ਸਿੱਖੀ ਦੀਆਂ ਸ਼ਾਨਾਂ ਨੂੰ ਜਨਮ ਦੇਣੈ।
ਤੱਤੀ ਰੇਤਾ ਜੋ ਸੀਸ ਵਿਚ ਪੈ ਰਹੀ ਏ, ਇਹਨੇ ਅਣਖੀ ਜੁਆਨਾਂ ਨੂੰ ਜਨਮ ਦੇਣੈ।
ਉਬਲ ਰਿਹਾ ਜੋ ਪਾਣੀ ਇਹ ਦੇਗ ਅੰਦਰ, ਇਹਨੇ ਲੱਖਾਂ ਤੂਫਾਨਾਂ ਨੂੰ ਜਨਮ ਦੇਣੈ।
ਮੇਰੇ ਜਿਸਮ 'ਤੇ ਪਏ ਹੋਏ ਛਾਲਿਆਂ ਨੇ, ਮੀਰੀ ਪੀਰੀ ਕਿਰਪਾਨਾਂ ਨੂੰ ਜਨਮ ਦੇਣੈ।

ਚਾਂਦਨੀ ਚੌਂਕ

ਲਾਲ ਗੁਰੂ ਦੇ ਚੌਂਕ ਜਿਉਂ ਲਾਲ ਕਰ ਗਏ, ਕਰ ਸਕੇ ਨਾ ਮਾਈ ਦਾ ਲਾਲ ਕੋਈ।
ਜਿਉਂਦੇ ਜੀਅ ਸੀ ਸਾੜਿਆ ਗਿਆ ਕੋਈ, ਦਿੱਤਾ ਦੇਗੇ ਦੇ ਵਿਚ ਉਬਾਲ ਕੋਈ।
ਗੁਰੂ ਤੇਗ 'ਤੇ ਤੇਗ ਦਾ ਵਾਰ ਹੋਇਆ, ਤਿੰਨਾਂ ਲੋਕਾਂ 'ਚ ਆਇਆ ਭੁਚਾਲ ਕੋਈ।
ਜੋ ਕੁਝ ਹੋਇਆ ਸੀ ਚਾਂਦਨੀ ਚੌਂਕ ਅੰਦਰ, ਦੁਨੀਆਂ ਵਿਚ ਨਹੀਂ ਮਿਲਦੀ ਮਿਸਾਲ ਕੋਈ।

ਦਸਮੇਸ਼ ਪਿਤਾ ਦਾ ਐਲਾਨ

ਠੰਡਕ ਚੰਦ ਦੀ ਸੂਰਜ ਦਾ ਨਿੱਘ ਰਖਿਓ, 'ਸੰਤ ਸਿਪਾਹੀ' ਦਾ ਰੂਪ ਨਾ ਛੋੜ ਦੇਣਾ।
ਥੋੜੇ ਸਿਰਾਂ 'ਤੇ ਭਾਜੀ ਜੇ ਕੋਈ ਚਾਹੜੇ, ਹੱਥੋ ਹੱਥ ਨਿਉਂਦਰਾ ਮੋੜ ਦੇਣਾ।
ਲੱਖਾਂ ਝੱਖੜ ਤੂਫਾਨ ਹਨ੍ਹੇਰ ਆਵਣ, ਨਾਤਾ ਸਿੱਖੀ ਤੋਂ ਕਦੇ ਨਾ ਤੋੜ ਦੇਣਾ।
ਹਰਦਮ ਭਲਾ ਸਰਬੱਤ ਦਾ ਮੰਗ 'ਜਾਚਕ', ਸਾਰੀ ਦੁਨੀਆਂ ਨੂੰ ਇਕੋ ਨਾਲ ਜੋੜ ਦੇਣਾ।

ਅੰਮ੍ਰਿਤ ਦੀ ਸ਼ਕਤੀ

ਪਾਵਨ ਅੰਮ੍ਰਿਤ ਦੀ ਸ਼ਕਤੀ ਜੇ ਵੇਖਣੀ ਜੇ, ਸਿੰਘ ਚਰਖੜੀਆਂ ਦੇ ਉੱਤੇ ਚੜ੍ਹੇ ਵੇਖੋ।
ਬੰਦਾ ਸਿੰਘ ਤੇ ਉਸਦੇ ਸਾਥੀਆਂ ਨੂੰ, ਲਾੜੀ ਮੌਤ ਪ੍ਰਨਾਉਣ ਲਈ ਖੜ੍ਹੇ ਵੇਖੋ।
ਬੰਦ ਬੰਦ ਭਾਵੇਂ ਕੱਟੇ ਜਾ ਰਹੇ ਨੇ, ਮੁੱਖੋਂ ਸ਼ਬਦ ਗੁਰਬਾਣੀ ਦੇ ਪੜ੍ਹੇ ਵੇਖੋ।
ਲਿਖੀਆਂ ਗੁਰੂ ਗਰੰਥ ਦੀਆਂ ਜਿਨ੍ਹਾਂ ਬੀੜਾਂ, ਸੀਸ ਤਲੀ 'ਤੇ ਰੱਖ ਕੇ ਲੜੇ ਵੇਖੋ।
ਗੱਲ ਮਾਵਾਂ ਦੇ ਹਾਰ ਜੋ ਤੱਕ ਰਹੇ ਹੋ, ਮੋਤੀ ਲਾਲਾਂ ਦੇ ਸਿਰਾਂ ਦੇ ਜੜ੍ਹੇ ਵੇਖੋ।
ਵਾਰਨ ਆਪਣਾ ਆਪ ਜੋ ਏਸ ਉੱਤੋਂ, ਸਿੱਖੀ ਸਿਦਕ ਨਿਭਾਉਂਦੇ ਹੋਏ ਬੜੇ ਵੇਖੋ।

ਮਾਤਾ ਗੁਜਰੀ ਜੀ

ਮਾਤਾ ਗੁਜਰੀ ਦੇ ਨਾਲ ਸੀ ਹੋਈ ਜਿੱਦਾਂ, ਕਿਸੇ ਨਾਲ ਨਹੀਂ ਹੋਈ ਤੇ ਨਾ ਹੋਣੀ।
ਖੇਡਾਂ ਖੇਡੀਆਂ ਹੋਣੀ ਨਾਲ ਉਮਰ ਸਾਰੀ, ਸਿਰ 'ਤੇ ਗੁਜਰੀ ਦੇ ਗੁਜਰੀ ਸੀ ਤਾਂ ਹੋਣੀ।
ਜੇਹੋ ਜਹੀ ਸੀ ਗੁਰੂ ਦਸਮੇਸ਼ ਜੀ ਤੇ, ਏਹੋ ਜਹੀ ਨਹੀਂ ਕਿਸੇ ਸਿਰ ਛਾਂ ਹੋਣੀ।
ਗੋਬਿੰਦ ਜਿਹਾ ਨਹੀਂ ਕਿਸੇ ਦਾ ਪੁੱਤ ਹੋਣਾ, ਗੁਜਰੀ ਜਹੀ ਨਹੀਂ ਕਿਸੇ ਦੀ ਮਾਂ ਹੋਣੀ।

ਗੁਜ਼ਰ ਗਏ ਜਦ ਪੋਤਰੇ ਸੁਣੇ ਗੁਜਰੀ, ਰੱਬ ਦਾ ਸ਼ੁਕਰ ਮਨਾ ਫਿਰ ਤਾਂ ਗੁਜਰੀ।
ਸਾਰੀ ਉਮਰ ਜਿਸ ਦੁੱਖਾਂ ਦੀ ਧੁੱਪ ਸੇਕੀ, ਕਰਦੀ ਰਹੀ ਉਹ ਕੌਮ 'ਤੇ ਛਾਂ ਗੁਜਰੀ।
ਪੂਜਨਯੋਗ ਉਹ ਬਣ ਗਿਆ ਬੁਰਜ ਠੰਡਾ, ਪੂਜਯ ਮਾਤ ਗੁਜਰੀ, ਜਿਹੜੀ ਥਾਂ ਗੁਜਰੀ।
ਸਾਰੇ ਪਿਆਰ ਸਤਿਕਾਰ ਦੇ ਨਾਲ ਬੋਲੋ, ਧੰਨ ਮਾਂ ਗੁਜਰੀ, ਧੰਨ ਮਾਂ ਗੁਜਰੀ।
'ਜਾਚਕ' ਨਾਲ ਸਤਿਕਾਰ ਦੇ ਸਭ ਬੋਲੋ, ਧੰਨ ਮਾਂ ਗੁਜਰੀ, ਧੰਨ ਮਾਂ ਗੁਜਰੀ।

ਚਾਰ ਸਾਹਿਬਜ਼ਾਦੇ

ਲੱਖਾਂ ਨਾਲ ਮੁਕਾਬਲੇ ਕਰ ਕੇ ਤੇ, ਦੋ ਦਸਮੇਸ਼ ਦੁਲਾਰੇ ਸ਼ਹੀਦ ਹੋਏ।
ਕਲਗੀਧਰ ਦੀਆਂ ਅੱਖਾਂ ਦੇ ਸਾਹਮਣੇ ਹੀ, ਓਹਦੇ ਅੱਖਾਂ ਦੇ ਤਾਰੇ, ਸ਼ਹੀਦ ਹੋਏ।
ਲਹੂ ਪੀਣੀ ਸਰਹੰਦ ਦੀ ਕੰਧ ਅੰਦਰ, ਦੋ ਪੁੱਤਰ ਪਿਆਰੇ ਸ਼ਹੀਦ ਹੋਏ।
ਚਾਰ ਚੰਨ ਕੁਰਬਾਨੀ ਨੂੰ ਲਾਉਣ ਖਾਤਰ, ਲਾਲ ਚਾਰੇ ਦੇ ਚਾਰੇ ਸ਼ਹੀਦ ਹੋਏ।
ਦੋ ਸੁੱਤੇ ਸਰਹੰਦ ਦੀ ਕੰਧ ਅੰਦਰ, ਦੋ ਚਮਕੌਰ ਦੇ ਰਣ ਮੈਦਾਨ ਸੁੱਤੇ।
ਕਲਗੀਧਰ ਦੇ ਲਾਡਲੇ ਲਾਲ ਚਾਰੇ, ਸੁੱਤੀ ਕੌਮ ਦੇ ਭਾਗ ਜਗਾਨ ਸੁੱਤੇ।

ਭਾਈ ਤਾਰੂ ਸਿੰਘ ਜੀ

ਤਾਰੂ ਸਿੰਘ ਨੂੰ ਜ਼ਕਰੀਏ ਆਖਿਆ ਸੀ, ਕਹਿਣਾ ਮੰਨ ਤੂੰ ਹੋ ਸੁਚੇਤ ਮੇਰਾ।
ਸਿੱਖੀ ਰੂਪ ਤਿਆਗ ਦੇ ਸਦਾ ਦੇ ਲਈ, ਏਸੇ ਵਿਚ ਏ ਤੇਰਾ ਤੇ ਹੇਤ ਮੇਰਾ।
ਕਿਹਾ ਸਿੰਘ ਨੇ ਅੱਗੋਂ ਲਲਕਾਰ ਕੇ ਤੇ, ਤੂੰ ਨਹੀਂ ਜਾਣ ਸਕਦਾ, ਸਿੱਖੀ ਭੇਤ ਮੇਰਾ।
ਕੱਲੇ ਕੇਸ ਇਹ ਕਤਲ ਨਹੀਂ ਹੋ ਸਕਣੇ, ਲਾਹ ਲੈ ਖੋਪਰ ਤੂੰ ਕੇਸਾਂ ਸਮੇਤ ਮੇਰਾ।

ਸੇਵਾ ਦੀ ਮਹਾਨਤਾ

ਸੇਵਾ ਪ੍ਰਭੂ ਵੱਲ ਜਾਣ ਦੀ ਹੈ ਪਉੜੀ, ਕਰਨੀ ਪੈਂਦੀ ਏ ਨਾਲ ਧਿਆਨ ਸੇਵਾ।
ਹੱਥ ਪੈਰ ਅਪਵਿੱਤਰ ਉਹ ਗਿਣੇ ਜਾਵਣ, ਜਿਹੜੇ ਕਰਦੇ ਨਹੀਂ ਵਿਚ ਜਹਾਨ ਸੇਵਾ।
ਜਿਹੜੀ ਆਤਮਾ ਤਾਂਈਂ ਅਨੰਦ ਦੇਵੇ, ਮੁੱਲ ਮਿਲਦੀ ਨਹੀਂ ਕਿਸੇ ਦੁਕਾਨ ਸੇਵਾ।
ਸ਼ਮ੍ਹਾਂ ਸੇਵਾ ਦੀ ਸਦਾ ਹੀ ਰਹੇ ਜਗਦੀ, 'ਜਾਚਕ' ਕਰੇ ਬਣਕੇ ਸ਼ਮ੍ਹਾਂ ਦਾਨ ਸੇਵਾ।

ਸਿਮਰਨ ਦੀ ਮਹਾਨਤਾ

ਗੁਰੂ ਸਾਹਿਬਾਂ ਨੇ ਸਿਮਰਨ ਤੇ ਜੋਰ ਦਿਤੈ, ਸਾਡੇ ਜੀਵਨ ਦਾ ਹੈ ਅਧਾਰ ਸਿਮਰਨ।
ਸਬਰ ਸਿਦਕ ਨਾਲ ਸਿਮਰਨ ਨੇ ਜੋ ਕਰਦੇ, ਦਿੰਦੈ ਲੋਕ, ਪਰਲੋਕ ਸੁਆਰ ਸਿਮਰਨ।
ਹਉਮੈ ਅਤੇ ਦਵੈਤ ਦੇ ਭਾਂਬੜਾਂ ਨੂੰ, ਕਰ ਦਿੰਦਾ ਏ ਠੰਢੜਾ ਠਾਰ ਸਿਮਰਨ।
ਉਹ ਘਰ ਨਹੀਂ ਕਦੇ ਵੀ ਨਰਕ ਬਣਦਾ, ਜਿਥੇ ਕਰਦਾ ਏ ਸਾਰਾ ਪਰਵਾਰ ਸਿਮਰਨ।

ਪੰਜਾਬੀ ਤੇ ਪੰਜਾਬੀ ਮਾਂ ਬੋਲੀ

ਦੁਨੀਆਂ ਵਿੱਚ ਪੰਜਾਬੀ ਹਰ ਥਾਂ ਜਾ ਕੇ, ਕਿਸਮਤ ਆਪਣੀ ਦੇ ਵਰਕੇ ਫੋਲਦੇ ਨੇ।
ਕਰਦੇ ਨੌਕਰੀ ਜਾਂ ਪੜ੍ਹਾਈ ਭਾਵੇਂ, ਜਾਂ ਫਿਰ ਕਿਤੇ ਜਾ ਕੇ ਬਿਜਨਸ ਖੋਲਦੇ ਨੇ।
ਇੰਗਲਿਸ਼, ਹਿੰਦੀ ਜਾਂ ਬੋਲਦੇ ਹੋਰ ਭਾਸ਼ਾ, ਬੋਲ ਬੋਲ ਅੰਦਰ ਰਸ ਘੋਲਦੇ ਨੇ।
ਪਰ ਹਰ ਬੋਲ ਦਾ ਓਦੋਂ ਹੀ ਮਜ਼ਾ ਆਉਂਦੈ, ਜਦ ਪੰਜਾਬੀ, ਪੰਜਾਬੀ ਵਿੱਚ ਬੋਲਦੇ ਨੇ।

ਧਰਤੀ ਮਾਂ

ਜਨਮ ਦੇਣ ਵਾਲੀ ਜਿੱਦਾਂ ਮਾਂ ਹੁੰਦੀ, ਓਦਾਂ ਧਰਤੀ ਵੀ ਸ਼ੁਰੂ ਤੋਂ ਮਾਂ ਸਾਡੀ।
ਗ੍ਰਹਿਆਂ ਵਿੱਚੋਂ ਇਹ ਇਕੋ ਗ੍ਰਹਿ ਐਸਾ, ਜਿਥੇ ਰਹਿਣ ਲਈ ਬਣੀ ਏ ਥਾਂ ਸਾਡੀ।

ਲੱਖਾਂ ਸਾਲਾਂ ਤੋਂ ਲਾਡ ਲਡਾ ਰਹੀ ਏ, ਏਸੇ ਲਈ ਇਹ ਜਿੰਦ ਤੇ ਜਾਂ ਸਾਡੀ।
ਏਹਦੀ ਗੋਦ ਵਿੱਚ ਰਹਿੰਦੇ ਹਾਂ ਉਮਰ ਸਾਰੀ,ਧਰਤੀ ਮਾਂ ਹੈ ਏਸੇ ਲਈ ਤਾਂ ਸਾਡੀ।

ਪਾਣੀ

ਫਸਲਾਂ ਜਿਆਦਾ ਤੋਂ ਜਿਆਦਾ ਲੈਣ ਦੇ ਲਈ, ਕਰ ਰਹੇ ਹਾਂ ਬੜਾ ਬਰਬਾਦ ਪਾਣੀ।
ਪਾਣੀ ਧਰਤੀ ਦਾ ਥੱਲੇ ਨੂੰ ਜਾ ਰਿਹਾ ਏ, ਘਟ ਰਿਹਾ ਏ ਵਿੱਚ ਤਾਦਾਦ ਪਾਣੀ।
ਪਹਿਲਾਂ ਪਾਣੀ ਸੀ ਪੰਜਾਹ ਕੁ ਫੁੱਟ ਥੱਲੇ, ਮਿਲ ਰਿਹਾ, ਦੋ ਸੌ ਫੁੱਟ ਤੋਂ ਬਾਦ ਪਾਣੀ।
ਲੈਣਾ ਪਊ ਜਦ ਲਾਈਨਾਂ ਦੇ ਵਿੱਚ ਖੜ੍ਹ ਕੇ, ਓਦੋਂ ਨਾਨੀ ਕਰਵਾਊਗਾ ਯਾਦ ਪਾਣੀ।

ਮਾਪੇ

ਬੱਚਾ ਹੁੰਦਾ ਏ ਮਿੱਟੀ ਦੀ ਨਿਰੀ ਮੂਰਤ, ਘੜਦੇ ਮਾਪੇ ਨੇ ਉਹਨੂੰ ਘੁਮਿਆਰ ਵਾਂਗੂੰ।
ਭੱਠੀ ਵਿੱਚ ਪਾ ਕੇ ਕੁੰਦਨ ਵਾਂਗ ਕਰਦੇ, ਉਹ ਤਾਂ ਸੁਘੜ ਸਿਆਣੇ ਸੁਨਿਆਰ ਵਾਂਗੂੰ।
ਆਪਣੇ ਬੱਚਿਆਂ ਦੀ ਸਦਾ ਨਿਸ਼ਕਾਮ ਰਹਿਕੇ, ਸੇਵਾ ਕਰਦੇ ਨੇ, ਸੇਵਾਦਾਰ ਵਾਂਗੂੰ।
ਵੱਖੋ ਵੱਖ ਪ੍ਰਵਾਰ ਦੇ ਮੋਤੀਆਂ ਨੂੰ, ਕੱਠੇ ਰੱਖਦੇ ਗਲੇ ਦੇ ਹਾਰ ਵਾਂਗੂੰ।

ਸੁਖੀ ਪਰਿਵਾਰ

ਉਹ ਘਰ ਨਹੀਂ ਕਦੇ ਵੀ ਨਰਕ ਬਣਦਾ, ਨੂੰਹ ਸੱਸ ਦਾ ਜਿਥੇ ਪਿਆਰ ਹੋਵੇ।
ਜਿੱਥੇ ਪਤਨੀ ਨੂੰ ਸਮਝਿਆ ਜਾਏ ਸਾਥਣ, ਅਤੇ ਮਾਂ ਦਾ ਪੂਰਨ ਸਤਿਕਾਰ ਹੋਵੇ।
'ਨੂੰਹ' 'ਸੱਸ' ਨੂੰ ਆਪਣੀ 'ਮਾਂ' ਸਮਝੇ, 'ਸੱਸ' ਨੂੰ 'ਨੂੰਹ' 'ਚੋ 'ਧੀ' ਦਾ ਦੀਦਾਰ ਹੋਵੇ।
ਕਲਾ ਕਲੇਸ ਤੋਂ ਰਹਿੰਦਾ ਏ ਮੁਕਤ 'ਜਾਚਕ', ਸਚਮੁੱਚ ਉਹ ਸੁਖੀ ਪ੍ਰਵਾਰ ਹੋਵੇ।

ਖੂਨਦਾਨ

ਜਦੋਂ ਕਿਸੇ ਦਾ ਐਕਸੀਡੈਂਟ ਹੋ ਜਾਏ, ਓਹਨੂੰ ਹਸਪਤਾਲ ਲਿਜਾਈਦਾ ਏ।
ਨਾਲੋ ਨਾਲ ਓਪਰੇਸ਼ਨ ਦੀ ਲੋੜ ਪੈਂਦੀ, ਨਾਲੋ ਨਾਲ ਹੀ ਖੂਨ ਵੀ ਚਾਹੀਦਾ ਏ।
ਬਲੱਡ ਬੈਂਕ ਤੋਂ ਹੁੰਦੀ ਏ ਆਸ ਓਦੋਂ, ਖੂਨ ਦਾਨੀ ਦਾ ਪਤਾ ਵੀ ਲਾਈਦਾ ਏ।
ਨਿਕਲ ਜਾਏ ਓਹ ਮੌਤ ਦੇ ਮੂੰਹ ਵਿੱਚੋਂ, ਜਦੋਂ ਮੌਕੇ ਤੇ ਖੂਨ ਚੜ੍ਹਾਈਦਾ ਏ ।

ਅਧਿਆਪਕ

ਮਾਪੇ ਝਿੜਕਦੇ ਜਿਸ ਤਰ੍ਹਾਂ ਬੱਚਿਆਂ ਨੂੰ, ਓਦਾਂ ਹੈ ਅਧਿਕਾਰ, ਅਧਿਆਪਕਾਂ ਦਾ।
ਓਹ ਤਾਂ ਕਦੇ ਵੀ ਸਫਲ ਨਾ ਹੋਏ, ਜਿਹੜਾ, ਦੇਵੇ ਡਰ ਉਤਾਰ ਅਧਿਆਪਕਾਂ ਦਾ।
ਆਪਣੇ ਆਪ ਹੀ ਖਾਸ ਪਰਭਾਵ ਪਾਉਂਦੈ, ਉੱਚਾ ਸੁੱਚਾ ਕਿਰਦਾਰ ਅਧਿਆਪਕਾਂ ਦਾ।
ਜਿੰਨਾਂ ਹੋ ਸਕਦੈ, ਉਸ ਤੋਂ ਵੱਧ ਕਰੀਏ, 'ਜਾਚਕ' ਮਾਣ ਸਤਿਕਾਰ, ਅਧਿਆਪਕਾਂ ਦਾ।

ਦਿਲ

ਭਾਵੇਂ ਲੱਖ ਮੁਸੀਬਤਾਂ ਘੇਰ ਕੇ ਤੇ, ਲਾਵਣ ਆਪਣਾ ਸਾਰਾ ਹੀ ਟਿੱਲ ਸੱਜਣੋ।
ਢਹਿੰਦੀ ਕਲਾ ਨੂੰ ਨੇੜੇ ਨਹੀਂ ਆਉਣ ਦੇਣਾ, ਤਕੜਾ ਰੱਖਣਾ ਸਦਾ ਹੀ ਦਿੱਲ ਸੱਜਣੋ।
ਕਦਮ ਕਦਮ ਦੇ ਉੱਤੇ ਰੁਕਾਵਟਾਂ ਨੇ, ਜਾਵਣ ਕਦਮ ਨਾ ਕਦੇ ਵੀ ਹਿੱਲ ਸੱਜਣੋ।
ਸ਼ੁਭ ਕੰਮਾਂ ਨੂੰ ਸਿਰੇ ਲਗਾਉਣ ਲੱਗਿਆਂ, 'ਜਾਚਕ' ਆਵੇ ਨਾ ਰਤਾ ਵੀ ਢਿੱਲ ਸੱਜਣੋ।

ਮੁਸਕਰਾਹਟ

ਸਭ ਤੋਂ ਚੰਗੀ ਦਵਾਈ ਇਹ ਸਿਹਤ ਦੇ ਲਈ, ਇਸ ਨਾਲ ਕਈ ਬਿਮਾਰੀਆਂ ਲਹਿੰਦੀਆਂ ਨੇ।
ਜਿਥੇ ਹੁੰਦੀ ਮੁਸਕਰਾਹਟ ਦੀ ਫਸਲ ਪੈਦਾ, ਓਸ ਘਰ ਵਿੱਚ ਬਰਕਤਾਂ ਰਹਿੰਦੀਆਂ ਨੇ।
ਚੜ੍ਹਦੀ ਕਲਾ ਉਸ ਘਰ ਜਰੂਰ ਰਹਿੰਦੀ, ਢਹਿੰਦੀ ਕਲਾ ਦੀਆਂ ਕੰਧਾਂ ਢਹਿੰਦੀਆਂ ਨੇ।
ਰੱਬੀ ਰਹਿਮਤਾਂ ਦਾ ਚਿਰਾਗ ਜਗਦੈ, ਸੱਤੇ ਖੈਰਾਂ ਹੀ ਝੋਲੀ ਵਿੱਚ ਪੈਂਦੀਆਂ ਨੇ।

ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੁਸਾਇਟੀ (ਰਜਿ:)

Paramdeep Singh Deep Welfare Society (Regd.)

ਸਰਗਰਮੀਆਂ ਅਤੇ ਪ੍ਰਾਪਤੀਆਂ

Activities & Achievements

ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੁਸਾਇਟੀ ਡਾ. ਹਰੀ ਸਿੰਘ 'ਜਾਚਕ' ਦੇ ਗੁਰਪੁਰਵਾਸੀ ਸਪੁੱਤਰ ਪਰਮਦੀਪ ਸਿੰਘ ਦੀਪ ਦੀ ਯਾਦ 'ਚ 2007 ਵਿਚ ਬਣਾਈ ਗਈ ਜਿਸ ਰਾਹੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਉਭਰਦੇ ਕਵੀਆਂ/ ਕਵਿਤਰੀਆਂ ਦੇ ਪਿਛਲੇ 13 ਸਾਲ ਤੋਂ ਕਾਰਜਸ਼ਾਲਾਵਾਂ ਅਤੇ ਕਵੀ ਦਰਬਾਰ ਕਰਵਾਏ ਜਾ ਰਹੇ ਹਨ ਅਤੇ ਹੁਣ ਤੱਕ ਤਿੰਨ ਸੌ ਤੋਂ ਵੱਧ ਉਭਰਦੇ ਕਵੀ ਸਨਮਾਨਿਤ ਕੀਤੇ ਜਾ ਚੁੱਕੇ ਹਨ।

Paramdeep Singh Deep Yadgari Welfare Society was established in 2007 in loving memory of Paramdeep Singh Deep S/o Dr. Hari Singh Jachak. Karajshala & Kavi Darbars are being organised by Paramdeep Singh Deep Yadgari Welfare Society with Co-operation of Guru Gobind Singh Study Circle for the last 13 years & More than three hundred young poets have been honored till date.

ੴ ਸਤਿਗੁਰ ਪ੍ਰਸਾਦਿ।।

ਪਰਮਦੀਪ ਸਿੰਘ 'ਦੀਪ' ਯਾਦਗਾਰੀ ਵੈਲਫੇਅਰ ਸੁਸਾਇਟੀ ਵਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
ਦੇ ਸਹਿਯੋਗ ਨਾਲ 10 ਜੁਲਾਈ, 2016 ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਗ੍ਰਾਮ ਲੁਧਿਆਣਾ ਵਿਖੇ

ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ, ਰਾਜਸਥਾਨ, ਜੰਮੂ, ਉੱਤਰਾਖੰਡ ਅਤੇ ਦਿੱਲੀ ਦੇ ਉੱਤਰਦੇ

52 ਕਵੀਆਂ ਦਾ ਮਹਾਨ ਕਵੀ ਦਰਬਾਰ

ਸ: ਨਿਰਭੈ ਸਿੰਘ
ਗੁਰੂਹਰ ਸਹਾਏ (ਫਿਰੋਜ਼ਪੁਰ)

ਸ: ਸਰਬਜੀਤ ਸਿੰਘ
'ਸੰਗਰੂਰਵੀਂ' ਸੰਗਰੂਰ

ਸ: ਪਰਮਵੀਰ ਸਿੰਘ 'ਪਰਮ'
ਰੁਪਾਣਾ (ਸ੍ਰੀ ਮੁਕਤਸਰ ਸਾਹਿਬ)

ਹਰਸ਼ਪ੍ਰੀਤ ਕੌਰ
ਲੁਧਿਆਣਾ

ਦਿਵਜੋਤ ਕੌਰ 'ਜੋਤ'
ਪਟਿਆਲਾ

ਸ: ਨਮਨਪ੍ਰੀਤ ਸਿੰਘ
ਮੁਹਾਲੀ

ਗੁਰਨੂਰ ਕੌਰ
ਮੁਹਾਲੀ

ਸ: ਗੁਰਦੀਪ ਸਿੰਘ
ਚੰਡੀਗੜ੍ਹ

ਸ: ਗੁਰਪ੍ਰਤਾਪ ਸਿੰਘ
ਮੁਹਾਲੀ

ਰੁਪਿੰਦਰ ਕੌਰ
ਕੁਰਕਸ਼ੇਤਰ (ਹਰਿਆਣਾ)

ਸ: ਸੁਖਜੀਵਨ ਸਿੰਘ ਸਫਰੀ
ਦਸੂਹਾ

ਰਾਜਬੀਰ ਕੌਰ ਚੰਬੇਲੀ
ਕੋਟਕਪੂਰਾ (ਫਰੀਦਕੋਟ)

ਸ: ਜਸਵੰਤ ਸਿੰਘ ਜੋਗਾ
ਮਾਨਸਾ

ਸ: ਪ੍ਰਭਜੋਤ ਸਿੰਘ ਖਾਲਸਾ
ਸੰਗਰੂਰ

ਡਾ: ਸਰਗਦੀਪ ਕੌਰ
ਲੁਧਿਆਣਾ

ਸਰਬਜੀਤ ਕੌਰ
ਗਦਰਪੁਰ (ਉੱਤਰਾਖੰਡ)

ਸ: ਮਹਿਤਾਬ ਸਿੰਘ
ਸਾਂਦਵਾਲਾ, ਖੱਟੀ ਤੰਬੂ ਸਾਹਿਬ (ਸ੍ਰੀ ਮੁਕਤਸਰ ਸਾਹਿਬ)

ਸ: ਗੁਰਸੰਗਤਪਾਲ ਸਿੰਘ
ਲੁਧਿਆਣਾ

ਸ: ਤਜਿੰਦਰ ਸਿੰਘ
ਲੁਧਿਆਣਾ

ਸ: ਕੁਲਜੀਤ ਸਿੰਘ
ਕਲਸੂਰਡਾਂ (ਪਟਿਆਲਾ)

ਸ: ਜਤਿੰਦਰ ਸਿੰਘ
ਕੁਲਬੁਰਡਾਂ (ਪਟਿਆਲਾ)

ਸ: ਸਹਿਜਰੂਪ ਸਿੰਘ
ਜਲੰਧਰ

ਸ: ਹਰਦੀਪ ਸਿੰਘ
ਲੁਧਿਆਣਾ

ਸ: ਜਗਜੀਤ ਸਿੰਘ
ਲੁਧਿਆਣਾ

ਸ: ਸੰਜੀਵ ਸਿੰਘ
ਸੋਹਣਗੜ੍ਹ (ਫਿਰੋਜ਼ਪੁਰ)

ਸ: ਸੁਖਦੀਪ ਸਿੰਘ
ਅੰਮ੍ਰਿਤਸਰ

ਸ: ਅਮਨਦੀਪ ਸਿੰਘ
ਨਵੀਂ ਦਿੱਲੀ

ਸ: ਸੁਲੱਖਣ ਸਿੰਘ
ਜੰਮੂ

ਸ: ਜੁਗਰਾਜ ਸਿੰਘ
ਸਰਹਾਲੀ ਕਲਾ (ਤਰਨ ਤਾਰਨ)

ਸ: ਜਗਰੂਪ ਸਿੰਘ ਰੂਪ
ਅਕਾਲਗੜ੍ਹ (ਲੁਧਿਆਣਾ)

ਚੰਚਲ ਸਿੰਘ
ਸਹਿਜ ਸਲਪਾਨੀ ਕਲਾਂ (ਹਰਿਆਣਾ)

ਸ: ਗੁਰਪ੍ਰੀਤ ਸਿੰਘ
ਯਮੁਨਾ ਨਗਰ (ਹਰਿਆਣਾ)

ਸ: ਜਸਵਿੰਦਰ ਸਿੰਘ
ਗਦਰਪੁਰ (ਉੱਤਰਾਖੰਡ)

ਡਾ: ਰਮਨਦੀਪ ਸਿੰਘ 'ਦੀਪ'
ਬਟਾਲਾ

ਸੁਖਪ੍ਰੀਤ ਕੌਰ
ਸੰਗਰੂਰ

ਬਨਮੀਤ ਸਿੰਘ
ਲੁਧਿਆਣਾ

ਸ: ਗੁਰਸ਼ਰਨ ਸਿੰਘ 'ਪਰਵਾਨਾ'
ਬਾਹਬਦ ਮਾਰਕੰਡਾ (ਕੁਰਕਸ਼ੇਤਰ)

ਨੀਲਮ ਕੌਰ
ਮਲੋਟ (ਸ੍ਰੀ ਮੁਕਤਸਰ ਸਾਹਿਬ)

ਦਲਜੀਤ ਕੌਰ
ਝੱਲੀਆਂ ਖੁਰਦ (ਰੋਪੜ)

ਪ੍ਰਭਜੋਤ ਕੌਰ
ਪਟਿਆਲਾ

ਮਨਜੀਤ ਕੌਰ
ਬਿਲਾ ਕਵੀ ਸੰਤੋਖ ਸਿੰਘ (ਤਰਨ ਤਾਰਨ)

ਜਸਮੀਤ ਕੌਰ
ਮਾਨਸਰੋਵਰ ਜੈਪੁਰ

ਲਵਜੋਤ ਸਿੰਘ
ਲੁਧਿਆਣਾ

ਸ: ਸੁਖਵਿੰਦਰ ਸਿੰਘ ਰਟੌਲ
ਤਰਨ ਤਾਰਨ

ਸ: ਅਵਨੀਤ ਸਿੰਘ ਗੁਜਰਾਲ
ਸੰਗਰੂਰ

ਸ: ਪਰਮਜੋਤ ਸਿੰਘ
ਸੰਗਰੂਰ

ਆਸ਼ਮੀਨ ਕੌਰ ਗੁਜਰਾਲ
ਸੰਗਰੂਰ

ਕਰਮਵੀਰ ਸਿੰਘ
ਚੰਡੀਗੜ੍ਹ

ਅਮਰੀਕ ਸਿੰਘ ਸ਼ੇਰ ਖਾਂ
ਸੇਰ ਖਾਂ (ਫਿਰੋਜ਼ਪੁਰ)

ਪ੍ਰੋ: ਇੰਦਰਜੀਤ ਕੌਰ
ਹੁਸ਼ਿਆਰਪੁਰ

ਸੁਰਜੀਤ ਕੌਰ
ਭੋਗਪੁਰ

ਸੁਖਦੀਪ ਕੌਰ
ਲੁਧਿਆਣਾ

ਡਾ. ਹਰੀ ਸਿੰਘ 'ਜਾਚਕ'
ਲੁਧਿਆਣਾ

ਇੰਜ. ਕਰਮਜੀਤ ਸਿੰਘ 'ਨੂਰ'
ਜਲੰਧਰ

ਸ. ਜਗਤਾਰ ਸਿੰਘ ਤਾਰੀ
ਜਲੰਧਰ

ਸ. ਪਰਮਜੀਤ ਸਿੰਘ
ਨਿੱਜੀ ਸਕੱਤਰ, ਪ੍ਰਧਾਨ SGPC

ਸ. ਦਲਜੀਤ ਸਿੰਘ ਬੇਦੀ
ਐਡੀ: ਸਕੱਤਰ SGPC

ਡਾ. ਬਲਵਿੰਦਰਪਾਲ ਸਿੰਘ
ਲੁਧਿਆਣਾ

ਡਾ. ਸਰਬਜੋਤ ਕੌਰ
ਲੁਧਿਆਣਾ

ਡਾ. ਜਗਦੀਪ ਕੌਰ
ਸੰਘੇੜਾ, ਸੰਗਰੂਰ

ਡਾ. ਹਰੀ ਸਿੰਘ 'ਜਾਚਕ' ਚੇਅਰਮੈਨ, ਪਰਮਦੀਪ ਸਿੰਘ 'ਦੀਪ' ਯਾਦਗਾਰੀ ਵੈਲਫੇਅਰ ਸੁਸਾਇਟੀ, 277, ਮਾਡਲ ਗ੍ਰਾਮ, ਲੁਧਿਆਣਾ। ਮੋਬਾਈਲ : 99883-21245, 99883-21246

ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੁਸਾਇਟੀ ਵਲੋਂ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ

ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

14ਵਾਂ ਸਾਲਾਨਾ ਸਮਾਗਮ

ਕਾਰਜਸ਼ਾਲਾ, ਕਵੀ ਦਰਬਾਰ ਤੇ ਸਨਮਾਨ ਸਮਾਰੋਹ

Zoom App ਰਾਹੀਂ

Live on YouTube

9 ਤੋਂ 16 ਜੁਲਾਈ, 2020

ਕਾਰਜਸ਼ਾਲਾ ਤੇ ਕਵੀ ਦਰਬਾਰ ਵਿਚ ਸ਼ਾਮਲ ਉਭਰਦੇ ਕਵੀ ਸਾਹਿਬਾਨ

ਨਿਰਵੈਰ ਸਿੰਘ ਅਰਸ਼ੀ, ਅਨੰਦਪੁਰ

ਪ੍ਰੋ. ਦਲਬੀਰ ਸਿੰਘ 'ਰਿਆੜ', ਜਲੰਧਰ

ਗੁਰਚਰਨ ਸਿੰਘ 'ਚੰਨ', ਜਲਾਲਾਬਾਦ

ਨਰਿੰਦਰ ਸਿੰਘ ਸੰਧੂ, ਬਟਾਲਵੀ

ਡਾ. ਜਗਦੀਪ ਕੌਰ, ਲੁਧਿਆਣਾ

ਨਰਾਇਣ ਸਿੰਘ ਮੰਘੇਰਾ, ਕੋਟਕਪੂਰਾ

ਡਾ. ਦੇਵਿੰਦਰ ਕੌਰ 'ਦਿਲਰੂਪ', ਲੁਧਿਆਣਾ

ਅਮਰਜੀਤ ਕੌਰ 'ਹਿਰਦੇ', ਮੁਹਾਲੀ

ਜਸਪ੍ਰੀਤ ਕੌਰ 'ਫਲਕ', ਲੁਧਿਆਣਾ

ਰਾਜਵਿੰਦਰ ਕੌਰ, ਜਟਾਣਾ

ਰਣਜੀਤ ਕੌਰ 'ਸਵੀਂ', ਮਲੇਰਕੋਟਲਾ

ਐਡ: ਸੁਖਰਗੁਜ਼ਰ ਸਿੰਘ, ਜੰਡਿਆਲਾ ਗੁਰੂ

ਬੇਅੰਤ ਕੌਰ, ਮੋਗਾ

ਕੁਲਦੀਪ ਸਿੰਘ, ਦਰਾਜਕੇ

ਮਨਜੀਤ ਕੌਰ ਸੇਖੋਂ, ਕੇਲੀਫੋਰਨੀਆ

ਨੀਲੂ ਬੱਗਾ, ਲੁਧਿਆਣਾ

ਪਰਵਿੰਦਰ ਕੌਰ 'ਸੁੱਖ', ਲੁਧਿਆਣਾ

ਰਜਨੀ ਵਾਲੀਆ, ਕਪੂਰਥਲਾ

ਡਾ. ਰਵਿੰਦਰਪਾਲ ਸਿੰਘ, ਨਕੋਦਰ

ਗੁਰਸ਼ਰਨ ਸਿੰਘ 'ਪਰਵਾਨਾ'

ਜਗਜੀਤ ਕੌਰ, ਢਿੱਲਵਾਂ

ਗੁਰਿੰਦਰ ਸਿੰਘ ਗੁਜਰਾਲ (CA), ਸੰਗਰੂਰ

ਸੁਰਿੰਦਰਪਾਲ ਸਿੰਘ ਸਿਦਕੀ, ਸੰਗਰੂਰ

ਡਾ. ਰਮਨਦੀਪ ਸਿੰਘ 'ਦੀਪ', ਬਟਾਲਾ

ਮਨਦੀਪ ਕੌਰ 'ਪ੍ਰੀਤ', ਮੁਕੇਰੀਆਂ

ਜਤਿੰਦਰ ਕੌਰ, ਅਨੰਦਪੁਰ ਸਾਹਿਬ

ਰਣਜੀਤ ਸਿੰਘ, ਜਗਾਧਰੀ

ਐਡਵੋਕੇਟ ਬਵਨੀਤ ਕੌਰ, ਬਨੂੜ

ਸੁਰਜੀਤ ਕੌਰ, ਭੋਰਾਪੁਰ

ਸੁਖਵਿੰਦਰ ਕੌਰ ਸਿੱਧੂ, ਸੰਗਰੂਰ

ਸੰਜੀਵ ਸਿੰਘ ਨਿਮਾਣਾ, ਸੋਹਣਗੜ੍ਹ

ਸੀਤਿੰਦਰ ਸਿੰਘ ਓਠੀ, ਜੰਡਿਆਲਾ ਗੁਰੂ

ਕੁਲਦੀਪ ਸਿੰਘ 'ਚਿਰਾਗ', ਮਲੇਸ਼ੀਆ

ਅਨੂਪ ਇੰਦਰ ਸਿੰਘ 'ਅਨੂਪ', ਪਾਣੀਪਤ

ਅਮਰਦੀਪ ਕੌਰ, ਲੁਧਿਆਣਾ

ਜਸਪ੍ਰੀਤ ਸਿੰਘ ਕਾਨਪੁਰੀ

ਕੁਲਵਿੰਦਰ ਕੌਰ, ਨੰਗਲ

ਪਰਵਿੰਦਰ ਕੌਰ, ਪਟਿਆਲਾ

ਸਤਵੰਤ ਕੌਰ 'ਸੁੱਧੀਂ', ਲੁਧਿਆਣਾ

ਸਰਬਜੀਤ ਕੌਰ, ਗਦਰਪੁਰ

'ਦੀਪ' ਲੁਧਿਆਣਵੀ

ਮਨਿੰਦਰ ਕੌਰ ਬੱਸੀ

ਇੰਦਰਜੀਤ ਕੌਰ, ਹੁਸ਼ਿਆਰਪੁਰ

ਮਲਕੀਤ ਸਿੰਘ ਨਿਮਾਣਾ, ਮੱਤੇਵਾਲ

ਗੁਰਪ੍ਰੀਤ ਸਿੰਘ, ਯਮੁਨਾਨਗਰ

ਜਤਿੰਦਰ ਕੌਰ ਸੰਧੂ, ਸਾਹਨੇਵਾਲ

ਰੁਪਿੰਦਰ ਕੌਰ 'ਮਹਿਕ', ਪਿਹੋਵਾ

ਰਮਨਦੀਪ ਸਿੰਘ, ਸੰਗਰੂਰ

ਭਗਤ ਸਿੰਘ ਬੀਰ, ਜਗਾਧਰੀ

ਹਰਪ੍ਰੀਤ ਸਿੰਘ, ਅਖਾੜਾ

ਉਮੀਤ ਸਿੰਘ 'ਮੀਤ', ਕਰਨਾਲ

ਦਲਬੀਰ ਕੌਰ, ਯਮੁਨਾਨਗਰ

ਰਾਜ ਦਵਿੰਦਰ ਸਿੰਘ, ਬਿਆਸ

ਸੁੱਖ ਚੌਰਵਾਲਾ

ਅਜਮੇਰ ਸਿੰਘ 'ਮਾਨ', ਊਨਾ

ਰਜਿੰਦਰ ਸਿੰਘ 'ਚਾਹਲ', ਸੰਗਰੂਰ

ਸ਼ਿਵਨਾਥ ਦਰਦੀ, ਫਰੀਦਕੋਟ

ਜਗਜੀਤ ਸਿੰਘ, ਸਤਕੋਹਾ

ਰਣਜੀਤ ਸਿੰਘ ਖੱਚੜਾਂ, ਜੈਤੋ

ਬਲਤੇਜ ਸਿੰਘ, ਬਠਿੰਡਾ

ਸੰਦੀਪ ਸਿੰਘ, ਮੁਰਾਦਾਬਾਦੀ

ਅਪਰਪ੍ਰੀਤ ਸਿੰਘ ਝੀਤਾ, ਨੰਗਲ ਅੰਬੀਆਂ

'ਸ਼ਾਇਰ' ਜਸਬੀਰ ਸਿੰਘ, ਨਕੋਦਰ

ਗੁਰਵਿੰਦਰ ਸਿੰਘ ਮਾਖਾ, ਮਾਨਸਾ

ਦਿਵਜੋਤ ਕੌਰ 'ਜੋਤ', ਪਟਿਆਲਾ

ਰੋਮੀ ਦਿਵਗੁਣ, ਹੁਸ਼ਿਆਰਪੁਰ

ਹਰਦੀਪ ਸਿੰਘ 'ਬਿਰਦੀ', ਲੁਧਿਆਣਾ

ਰਵੀਨੂਰ ਸਿੰਘ, ਅਮਰੀਕਾ

ਗੁਰਲਾਲ ਸਿੰਘ ਬੱਲਰਾਂ, ਦੇਹਰਾਦੂਨ

ਚਰਨਜੀਤ ਕੌਰ, ਤਰਨ ਤਾਰਨ

ਜਸਵਿੰਦਰ ਕੌਰ 'ਜੱਸੀ', ਲੁਧਿਆਣਾ

ਕੁਲਦੀਪ ਕੌਰ ਖਾਲਸਾ, ਭਾਈ ਬਖਤੌਰ

ਹਰਜੀਵਨਪ੍ਰੀਤ ਸਿੰਘ, ਲੁਧਿਆਣਾ

ਗੁਰਮੀਤ ਕੌਰ 'ਮੀਤ', ਜਲਾਲਾਬਾਦ

ਹਰਮਨਪ੍ਰੀਤ ਕੌਰ, ਲੁਧਿਆਣਾ

ਰਵਨੀਤ ਕੌਰ ਖਾਲਸਾ, ਲੁਧਿਆਣਾ

ਹਰਜੀਤ ਕੌਰ, ਲਾਡਵਾ

ਜਗਦੀਸ਼ ਕੌਰ, ਇਲਾਹਾਬਾਦ

ਡਾ. ਹਰੀ ਸਿੰਘ 'ਜਾਚਕ' , ਚੇਅਰਮੈਨ

ਪਰਮਦੀਪ ਸਿੰਘ 'ਦੀਪ' ਯਾਦਗਾਰੀ ਵੈਲਫੇਅਰ ਸੁਸਾਇਟੀ, 277, ਮਾਡਲ ਗ੍ਰਾਮ, ਲੁਧਿਆਣਾ। ਮੋਬਾਈਲ : 99883-21245, 99883-21246

ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੁਸਾਇਟੀ ਵਲੋਂ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ

ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

14ਵਾਂ ਸਾਲਾਨਾ ਸਮਾਗਮ

ਬਾਲ ਅਭਿਆਸੀ ਕਾਰਜਸ਼ਾਲਾ, ਕਵੀ ਦਰਬਾਰ ਤੇ ਸਨਮਾਨ ਸਮਾਰੋਹ

Zoom App ਰਾਹੀਂ

Live on YouTube

18 ਤੋਂ 20 ਜੁਲਾਈ, 2020

ਕਾਰਜਸ਼ਾਲਾ ਤੇ ਕਵੀ ਦਰਬਾਰ ਵਿਚ ਸ਼ਾਮਲ ਬਾਲ ਅਭਿਆਸੀ

ਮੋਕਸ਼ਦੀਪ ਕੌਰ, ਰਾਜਪੁਰਾ

ਰਾਜਨਪ੍ਰੀਤ ਸਿੰਘ, ਲੁਧਿਆਣਾ

ਗੁਰਮੰਨਤ ਕੌਰ, ਯਮੁਨਾਨਗਰ

ਸੰਜਮ ਕੌਰ, ਰਾਏਪੁਰ

ਜਸਪ੍ਰੀਤ ਸਿੰਘ, ਹਰੀਗੜ੍ਹ

ਹਰਨਵਬੀਰ ਸਿੰਘ, ਦਿੱਲੀ

ਸੁਮੀਤ ਕੌਰ, ਦਿੱਲੀ

ਪ੍ਰਭਜੋਤ ਸਿੰਘ ਖਾਲਸਾ, ਸੰਗਰੂਰ

ਹਰਲੀਨ ਕੌਰ, ਸੰਗਰੂਰ

ਅਸਵੀਨ ਕੌਰ, ਸੰਗਰੂਰ

ਮਨਰੀਤ ਕੌਰ, ਲੁਧਿਆਣਾ

ਕਮਲਜੋਤ ਸਿੰਘ, ਭੋਗਪੁਰ

ਜਸਲੀਨ ਕੌਰ, ਜਗਾਧਰੀ

ਤੇਜਿੰਦਰ ਸਿੰਘ 'ਨੂਰ', ਲੁਧਿਆਣਾ

ਜਗਜੀਤ ਸਿੰਘ ਸਾਹਿਬ, ਲੁਧਿਆਣਾ

ਚਾਹਤ, ਪੱਖੋ ਕਲਾਂ, ਬਰਨਾਲਾ

ਸਿਮਰਜੋਤ ਸਿੰਘ, ਤਰਨਤਾਰਨ

ਹਰਜੋਤ ਕੌਰ ਚਹਿਲ, ਸੰਗਰੂਰ


ਇਸ਼ਸੀਤ ਕੌਰ, ਕਵੱਰਧਾ, ਛੱਤੀਸਗੜ੍ਹ

ਪਰਵਿੰਦਰ ਕੌਰ, ਗਿਰੀਦੀਹ, ਝਾਰਖੰਡ


ਰੰਜਨਪ੍ਰੀਤ ਕੌਰ, ਸੰਗਰੂਰ


ਕੋਮਲਪ੍ਰੀਤ ਕੌਰ, ਅੰਮ੍ਰਿਤਸਰ

ਹਰਸਿਮਰਨ ਕੌਰ, ਸੰਗਰੂਰ

ਤਰਨਪ੍ਰੀਤ ਕੌਰ, ਪਟਿਆਲਾ


ਬਨਮੀਤ ਸਿੰਘ, ਲੁਧਿਆਣਾ


ਅੰਮ੍ਰਿਤਬੀਰ ਸਿੰਘ, ਪਟਿਆਲਾ

ਅਨਮੋਲਰਤਨ ਕੌਰ, ਪਟਿਆਲਾ

ਮਨਰਤਨ ਕੌਰ, ਪਟਿਆਲਾ


ਅਰਸ਼ਲੀਨ ਕੌਰ, ਲੁਧਿਆਣਾ


ਸੁਖਮਨਦੀਪ ਕੌਰ, ਤਰਨਤਾਰਨ

ਆਸ਼ਮੀਨ ਕੌਰ, ਸੰਗਰੂਰ

ਪੁਸ਼ਪਦੀਪ ਸਿੰਘ ਜੌਹਰ, ਸੰਗਰੂਰ

ਅਰਸ਼ੈਨਬੀਰ ਸਿੰਘ, ਖਰੜ

ਪ੍ਰਿੰਸਜੋਤ ਸਿੰਘ, ਲੁਧਿਆਣਾ

ਬਰਲੀਨ ਕੌਰ, ਲੁਧਿਆਣਾ

ਮਹਿਕਪ੍ਰੀਤ ਕੌਰ, ਲੁਧਿਆਣਾ

ਸੁਰਖਾਬ ਸਿੰਘ ਓਠੀ, ਅੰਮ੍ਰਿਤਸਰ

ਕੁਲਨੂਰਦੀਪ ਸਿੰਘ, ਪਹੁਵਿੰਡ

ਹਰਸਿਮਰ ਸਿੰਘ ਬਿਰਦੀ, ਲੁਧਿਆਣਾ

ਦਿਲਪ੍ਰੀਤ ਕੌਰ ਬਿਰਦੀ, ਲੁਧਿਆਣਾ

ਜਸਕੀਰਤ ਸਿੰਘ, ਪਿੰਡ ਲਸਾੜਾ

ਡਾ. ਪਰਵਿੰਦਰ ਕੌਰ (ਪਰਵ), ਮੰਡੀ ਗੋਬਿੰਦਗੜ੍ਹ

ਅਵਨੀਤ ਸਿੰਘ ਗੁਜਰਾਲ, ਸੰਗਰੂਰ

ਗੁਰਪ੍ਰਤਾਪ ਸਿੰਘ, ਭਾਦਲਾ

ਮਮਨਪ੍ਰੀਤ ਕੌਰ, ਤੂਰਬੰਨਜਾਰਾ

ਚਹਿਕਪ੍ਰੀਤ ਕੌਰ, ਸੋਹਣਗੜ੍ਹ

ਰਮਨਪ੍ਰੀਤ ਕੌਰ, ਸੋਹਣਗੜ੍ਹ

ਸਤਕਰਨ ਸਿੰਘ, ਭੋਗਪੁਰ

ਜਪੁਜੀਪ੍ਰੀਤ ਕੌਰ

ਸਹਿਜਰੂਪ ਸਿੰਘ, ਜਲੰਧਰ

ਅਜੂਨੀ ਸਿੰਘ

ਅਨਹਦ ਪ੍ਰਤਾਪ ਸਿੰਘ

ਮੇਹਰਦੀਪ ਸਿੰਘ, ਪਟਿਆਲਾ

ਗੁਰਵੰਸ਼ਪ੍ਰਤਾਪ ਸਿੰਘ, ਪਟਿਆਲਾ

ਨਵਨੀਤ ਕੌਰ, ਮੋਰਿੰਡਾ

ਗੁਰਕਸ਼ਿਸ਼ ਕੌਰ, ਸੰਗਰੂਰ

ਮਨਜੀਤ ਕੌਰ ਧੀਮਾਨ, ਲੁਧਿਆਣਾ

ਸਤਵਿੰਦਰ ਸਿੰਘ, ਲੁਧਿਆਣਾ

ਜੈਦੀਪ ਕੌਰ, ਸਤਕੋਹਾ

ਜਸ਼ਨਜੋਤ ਸਿੰਘ, ਦੌਧਰ

ਕਿਰਨਪ੍ਰੀਤ ਕੌਰ, ਧੂਰਕੋਟ

ਸਿਮਰਨ ਕੌਰ, ਨਿਰਗੂ

ਸਰਗੁਣਪ੍ਰੀਤ ਕੌਰ, ਤਰਨਤਾਰਨ


ਜਪਨੀਤ ਕੌਰ, ਲੁਧਿਆਣਾ

ਹਰਨੂਰ ਸਿੰਘ, ਜਗਾਧਾਰੀ

ਜਸਕੀਰਤ ਸਿੰਘ, ਲੁਧਿਆਣਾ

ਮਨਜੋਤ ਕੌਰ, ਦਿੜਬਾ

ਨਵਦੀਪ ਕੌਰ, ਸੋਹਣਗੜ੍ਹ

ਸਿਮਰਪ੍ਰੀਤ ਸਿੰਘ, ਅੰਮ੍ਰਿਤਸਰ

ਸੁਖਮਨਦੀਪ ਸਿੰਘ, ਯਮੁਨਾਨਗਰ

ਗੁਰਵਿੰਦਰ ਸਿੰਘ, ਲੁਧਿਆਣਾ

ਜਸਜੋਤ ਸਿੰਘ, ਲੁਧਿਆਣਾ

ਡਾ. ਹਰੀ ਸਿੰਘ 'ਜਾਚਕ' , ਚੇਅਰਮੈਨ

ਪਰਮਦੀਪ ਸਿੰਘ 'ਦੀਪ' ਯਾਦਗਾਰੀ ਵੈਲਫੇਅਰ ਸੁਸਾਇਟੀ, 277, ਮਾਡਲ ਗ੍ਰਾਮ, ਲੁਧਿਆਣਾ।

ਮੋਬਾਈਲ : 99883-21245, 99883-21246

ਡਾ. ਹਰੀ ਸਿੰਘ 'ਜਾਚਕ'
Dr. Hari Singh Jachak

ਐਡੀ. ਚੀਫ ਸੈਕਟਰੀ (ਭਾਸ਼ਾਵਾਂ)
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

Addl. Chief Secy (Language)
Guru Gobind Singh Study Circle

ਜਨਰਲ ਸਕੱਤਰ
ਸ੍ਰੀ ਦਸ਼ਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ

General Secretary
Sri Dashmesh International Punjabi Kavi Sabha

ਚੇਅਰਮੈਨ
ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੁਸਾਇਟੀ

Chairman
Paramdeep Singh Deep Yadgari Welfare Society

ਕਨਵੀਨਰ, ਵਿਸ਼ਵ ਪੰਜਾਬੀ ਭਾਸ਼ਾ ਕਾਨਫਰੰਸ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

Convenor, Vishav Punjabi Bhasa Conference
Guru Gobind Singh Study Circle

ਡਾਇਰੈਕਟਰ, ਡਾਕੂਮੈਂਟਰੀ ਫਿਲਮ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

Director, Documentary Film
Guru Gobind Singh Study Circle